
# ਸ਼ਾਇਰੀ ਦਾ ਸਰਵਰ

(ਕਾਵਿ-ਸੰਗ੍ਰਹਿ)

ਮਨਮੋਹਨ ਸਿੰਘ ਦਾਊਂ

# ਸ਼ਾਇਰੀ ਦਾ ਸਰਵਰ
(ਕਾਵਿ-ਸੰਗ੍ਰਹਿ)



# ਸ਼ਾਇਰੀ ਦਾ ਸਰਵਰ

(ਕਾਵਿ-ਸੰਗ੍ਰਹਿ)

ਮਨਮੋਹਨ ਸਿੰਘ ਦਾਊਂ

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

# Shayari Da Sarwar

(Poetry)

By : Manmohan Singh Daon
# 280, Phase-6, S.A.S. Nagar,
Mohali (Pb.) -160055

Mob : 98151-23900

E.mail. : m.s.daonpoet@gmail.com

Title designed by T. Singh

ISBN : 978-93-95706-90-2

Price : Rs. 200

Second Edition : 2024

**Published by :**

Tarlochan Publishers
3236, Sector 15-D, Chandigarh
Mob: 98146-73236, Tel. 0172-4803236
E-mail : tpublishers3236@gmail.com

---

**ਸ਼ਾਇਰੀ ਦਾ ਸਰਵਰ** (ਕਾਵਿ-ਸੰਗ੍ਰਹਿ), ਲੇਖਕ : ਮਨਮੋਹਨ ਸਿੰਘ ਦਾਊਂ

**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ-160015

**ਪੇਸ਼ਕਸ਼** : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

# ਸਮਰਪਣ

ਜੀਵਨ ਪੰਧ
ਦੀ
ਸਾਥਣ
**ਦਲਜੀਤ ਕੌਰ ਦਾਊਂ**
ਨੂੰ!

## ਲੇਖਕ ਦੇ ਹੋਰ ਕਾਵਿ-ਸੰਗ੍ਰਹਿ :

1. ਖ਼ਾਮੋਸ਼ ਚਸ਼ਮਾ-1971
2. ਦਰਦ ਸੰਗ ਦੋਸਤੀ-1975
3. ਮਿੱਟੀ ਦਾ ਰੁਦਨ-1986
4. ਰਾਤਾਂ ਪ੍ਰਭਾਤਾਂ-1988
5. ਅਗੰਮ ਅਗੋਚਰ-2003
6. ਸ਼ਾਇਰੀ ਦਾ ਸਰਵਰ-2007
7. ਸ਼ਾਇਰੀ ਸਾਗਰ-2011 (ਇਨਾਮੀ)
8. ਉਦਾਸੀਆਂ ਦਾ ਬੂਹਾ : ਸੁਲਖਣੀ-2014
9. ਪੰਛੀ ਬਿਰਖ ਸੁਹਾਵੜਾ-2016 (ਇਨਾਮੀ)
10. ਤਿੱਪ ਤੇ ਕਾਇਨਾਤ-2018
11. ਚਾਨਣ ਦੀ ਪੈੜ-2019
12. ਸਮਿਆਂ ਦੇ ਨਾਇਕ-2020
13. ਧਰਤੀ ਦੀ ਕੰਬਣੀ-2024

# ਤਰਤੀਬ

| | | |
|---|---|---|
| 1. | ਮਿੱਟੀ | 9 |
| 2. | ਹਵਾ | 12 |
| 3. | ਪਾਣੀ | 14 |
| 4. | ਮਾਂ | 17 |
| 5. | ਘਰ | 19 |
| 6. | ਖ਼ਾਮੋਸ਼ੀ | 23 |
| 7. | ਚੀਕ | 26 |
| 8. | ਪਿਆਰ | 29 |
| 9. | ਦੋਸਤੀ | 34 |
| 10. | ਚੁੱਪ | 37 |
| 11. | ਹੋਂਦ | 38 |
| 12. | ਇਕੱਲ | 39 |
| 13. | ਨੀਂਦਰ | 41 |
| 14. | ਬਿਰਖ਼ | 43 |
| 15. | ਸੰਗੀਤ | 46 |
| 16. | ਸੁਪਨਾ | 49 |

| | | |
|---|---|---|
| 17. | ਮਨੁੱਖ | 52 |
| 18. | ਚਿੱਤਰਕਲਾ | 56 |
| 19. | ਰਾਹ | 59 |
| 20. | ਸ਼ਾਇਰੀ | 62 |
| 21. | ਬੋਲ | 65 |
| 22. | ਕੁੰਜੀ | 69 |
| 23. | ਆਲਾ | 72 |
| 24. | ਖ਼ੁਸ਼ੀ | 74 |
| 25. | ਥਾਂ | 76 |
| 26. | ਰੀਣ | 78 |
| 27. | ਮੈਂ | 81 |
| 28. | ਗੁਫ਼ਤਗੂ | 84 |
| 29. | ਅੱਖਰ | 87 |

# ਮਿੱਟੀ

ਮਿੱਟੀ ਉਤਪਤੀ ਦੀ ਕੁੱਖ ਹੈ
ਬੁੱਕਲ ਜਿਸ ਦੇ ਲਿਪਟੀ ਹੋਈ
ਕੇਤੇ ਜੁਗਾਂ ਤੋਂ ਹੀ ਚੁੱਪ ਹੈ।

ਮਿੱਟੀ ਭਿੰਨਤਾ ਵਿਭਿੰਨਤਾ ਦਾ
ਕਣ-ਕਣ ਖਿੰਡਿਆ ਨੂਰ ਹੈ
ਤੇ ਤੂਰ ਹੈ।

ਮਿੱਟੀ ਕਾਦਰੀ ਕਾਇਨਾਤ ਦੀ
ਖ਼ੂਬਸੂਰਤ ਸ਼ਬਦਾਵਲੀ।

ਮਿੱਟੀ ਮਿਹਨਤਾਂ ਦੇ ਪਿੰਡਿਆਂ ਦੀ
ਸੱਚੀ-ਸੁੱਚੀ ਬੰਦਗੀ
ਜੋ ਭੁੱਖਾਂ ਦੂਰ ਕਰਨਾ ਲੋਚਦੀ।

ਮਿੱਟੀ ਥਾਂ-ਕੁਥਾਂ ਦੇ ਹੱਕ ਲਈ
ਕਾਗਜ਼ੀ ਤਸਦੀਕ ਹੈ।

ਮਿੱਟੀ ਫੁੱਲਾਂ ਲੱਦੀ ਖ਼ੁਸ਼ਬੂ ਦੀ
ਚੰਗੇਰ ਭਰੀ ਦਾਤ ਹੈ
ਤੇ ਕੁਦਰਤੀ ਨਜ਼ਾਰਿਆਂ ਦਾ
ਅਲੌਕਿਕੀ ਪ੍ਰਮਾਣ ਹੈ।

ਮਿੱਟੀ ਮਮਤਾ ਦੇ ਮੋਹ ਲਈ
ਆਂਦਰਾਂ ਦੀ ਸਾਂਝ ਹੈ।

ਮਿੱਟੀ ਪਾਣੀ ਨੂੰ ਸਮੋਣ ਦਾ
ਮਾਂ ਵਰਗਾ ਜਿਗਰਾ ਹੈ
ਤੇ ਨਿਮਰਤਾ ਜਿਊਣ ਲਈ
ਬਾਣੀ ਜਿਹਾ ਕਥਨ ਹੈ।

ਮਿੱਟੀ ਅਣਖ ਦੀ ਤੇ ਹੋਂਦ ਦੀ
ਕਚਹਿਰੀਆਂ ਦੀ ਹਾਕ ਹੈ
ਜੋ ਹੱਕ-ਸੱਚ ਮੰਗਦੀ।

ਮਿੱਟੀ ਬੀਤੇ ਹੋਏ ਸਮੇਂ ਦੀ
ਪੈੜਾਂ ਸਾਂਭੀ ਯਾਦ ਹੈ,

ਤੇ ਢੱਠੀਆਂ ਇਮਾਰਤਾਂ ਦਾ
ਭੁਰ-ਭੁਰ ਹੋਇਆ
ਖੰਡਰੀ ਕਲਬੂਤ ਹੈ।

ਮਿੱਟੀ ਸ੍ਰਿਸ਼ਟੀ ਦੀ ਸਾਕਾਰਤਾ ਦਾ
ਆਦਿ ਹੈ ਤੇ ਅੰਤ ਹੈ।

ਮਿੱਟੀ, ਮਿਟੀ ਹੋਈ ਸਭਿਅਤਾ ਦਾ
ਖੋਜਣ ਵਾਲਾ ਵਿਸ਼ਾ ਹੈ।

ਮਿੱਟੀ ਦਬੀਆਂ ਹੋਈਆਂ ਲੱਭਤਾਂ ਦੀ
ਢੂੰਡਣ ਵਾਲੀ ਖਾਨ ਹੈ।

ਮਿੱਟੀ ਛਿਜੇ ਹੋਏ ਤਨਾਂ ਦਾ
ਢੇਰੀ ਬਣਿਆ ਰੂਪ ਹੈ,
ਤੇ ਮੁੜ-ਮੁੜ
ਉਗਵਣੇ ਤੇ ਵਿਗਸਣੇ ਲਈ
ਜ਼ਿੰਦਗੀ ਦੀ ਰਾਸ ਹੈ!!

## ਹਵਾ

ਹਵਾ ਅਦਿੱਖ ਹੈ ਅਥਾਹ ਹੈ
ਪਰ ਜ਼ਿੰਦਗੀ ਦਾ ਸਾਹ ਹੈ।

ਹਵਾ ਖ਼ਾਮੋਸ਼ ਹੋਏ ਪਲਾਂ ਦੀ
ਗੀਤ ਵਰਗੀ ਲੈਅ ਹੈ
ਤੇ ਸ੍ਰਿਸ਼ਟੀ ਵਿਚੋਂ ਉਦੈ ਹੋਈ
ਸਿਰਜਣਾ ਦੀ ਕੂਕ ਹੈ।

ਹਵਾ ਸਮਿਆਂ ਦੇ ਇਤਿਹਾਸ ਨੂੰ
ਫੋਲਣ ਵਾਲੀ ਅੱਖ ਹੈ।

ਹਵਾ ਸਜੀਵਤਾ ਦੇ ਮੌਲਣ ਲਈ
ਸੁੰਦਰਤਾ ਦਾ ਰੂਪ ਹੈ।

ਹਵਾ ਵਾਸ਼ਪ ਹੋਏ ਪਾਣੀਆਂ ਦੀ
ਡੁਲ੍ਹਣ ਵਾਲੀ ਤਰਲਤਾ।

ਹਵਾ ਪ੍ਰਕਿਰਤੀ ਅਤੇ ਸਾਗਰਾਂ 'ਚੋਂ
ਆਦਿ ਦੀ ਆਵਾਜ਼ ਹੈ।

ਹਵਾ ਹੋਂਦ ਤੇ ਅਣਹੋਂਦ ਦੇ
ਅਨੁਭਵਾਂ ਦੀ ਵਿੱਥ ਹੈ।

ਹਵਾ ਖੰਡ ਤੇ ਬ੍ਰਹਿਮੰਡ ਵਿੱਚ
ਤੋਰਨ ਵਾਲੀ ਸ਼ਕਤੀ ਹੈ।

ਹਵਾ ਮਿੱਟੀ ਵਿੱਚ ਉਤਪਤੀ ਦੀ
ਵਣ-ਤ੍ਰਿਣੀ ਹਰਿਆਵਲੀ।

ਹਵਾ ਨਹੀਂ ਤਾਂ ਮੌਤ ਹੈ
ਪਰ ਮੌਤ ਰਹਿਤ ਕਾਲ ਹੈ।

ਹਵਾ ਅਦਿੱਖ ਹੈ ਅਥਾਹ ਹੈ
ਪਰ ਜ਼ਿੰਦਗੀ ਦਾ ਸਾਹ ਹੈ!!

# ਪਾਣੀ

ਪਾਣੀ ਦਾ ਨਾ ਰੰਗ ਕੋਈ
ਰੰਗ-ਰਹਿਤ ਹੋ ਕੇ ਵੱਸੇ
ਤਰਲਤਾ ਦੀ ਹੋਂਦ ਦੱਸੇ।

ਪਰ ਰੰਗ ਬਣਨ ਲਈ
ਕਿੰਨੀਆਂ ਹੀ ਕੋਸ਼ਿਸ਼ਾਂ ਕਰਦੇ
ਪਾਣੀ ਰੰਗ-ਰਹਿਤ ਵੀ ਖ਼ੁਸ਼
ਵਹਿਣ ਦੀ ਆਦਤ ਨਾ ਛੱਡੇ।

ਕੋਈ ਵੀ ਰੰਗ ਘੋਲੇ
ਘੋਲ ਲੈਂਦਾ,
ਕਿੰਨਾ ਸਬਰ-ਸੰਤੋਖ ਰੱਖੇ।

ਰੰਗਾਂ ਦੀ ਪਛਾਣ ਖ਼ਾਤਰ
ਪਾਣੀ 'ਚ ਜਦੋਂ
ਰੰਗਾਂ ਦੀ ਚੁਟਕੀ ਘੁਲਦੀ
ਤਾਂ ਰੰਗ ਹੱਸਦੇ, ਖਿੜਦੇ, ਉਭਰਦੇ।

ਪਾਣੀ ਦਾ ਸੁਭਾਅ ਅਨੂਠਾ
ਜੋ ਮਰਜ਼ੀ ਘੋਲੋ ਸਵੀਕਾਰੇ।

ਪਾਣੀ-
ਹਵਾ, ਅੰਬਰ, ਧਰਤ 'ਚ ਵੱਸੇ
ਜੀਵਾਂ, ਬਨਸਪਤ 'ਚ ਹੱਸੇ
ਆਪਣਾ ਕੋਈ ਰੰਗ ਨਾ ਦੱਸੇ।
ਕੇਹਾ ਸੁਭਾਅ ਪਾਣੀ ਦਾ
ਸੀਤਲ, ਸੱਜਰਾ-ਸੱਜਰਾ, ਸੁੱਚਮ-ਸੁੱਚਾ,
ਰਿਸ਼ੀ ਵਰਗਾ, ਸੰਤ ਵਰਗਾ ਜਾਂ ਰੱਬ ਵਰਗਾ।
ਐ ਖ਼ੁਦਾਇਆ-
ਮੈਨੂੰ ਪਾਣੀ ਦੀ ਤਾਸੀਰ ਦੇ,
ਨਿਮਰ ਹੋਵਾਂ, ਠਰੂਰ ਬਣਾ,
ਵਹਾਂ ਜਿੱਥੇ ਵੀ ਚਾਹਾਂ
ਉੱਡਾਂ ਅੰਬਰੀਂ
ਜਾਂ ਸਮਾਧੀ ਧਾਰਾਂ
ਧਰਤ 'ਚ ਸਮੋਵਾਂ,
ਰੰਗਾਂ ਦੀ ਉਸਤਤ ਤੋਂ
ਉਤਾਂਹ ਉੱਠ ਜਾਵਾਂ।
ਐ ਖ਼ੁਦਾਇਆ-
ਏਦਾਂ ਦਾ ਹੁਨਰ ਦੇ
ਕਿ ਪਾਣੀ 'ਚ ਸ਼ਬਦ ਬਣ

ਘੁਲ ਜਾਵਾਂ
ਅਗੰਮੀ ਆਨੰਦ ਖ਼ਾਤਰ।
ਪਾਣੀ ਨੂੰ ਪੀਣ ਵਾਲਾ ਪੀਂਦਾ
ਪਾਣੀ ਕਿਸੇ ਨੂੰ ਇਨਕਾਰ ਨਾ ਕਰਦਾ
ਪਰ ਪਾਣੀ ਕਿਸ ਨੂੰ ਪੀਵੇ?
ਉਸ ਦੀ ਤ੍ਰੇਹ ਕੌਣ ਬੁਝਾਵੇ?
ਪਾਣੀ ਦਾ ਹਿਰਦਾ ਹੀ ਜਾਣੇ।
ਐ ਖ਼ੁਦਾਇਆ–
ਪਾਣੀ ਜਿਹੀ
ਕੀਰਤੀ ਤੇ ਕਰਮ ਦੇ॥

## ਮਾਂ

ਮਾਂ ਸਿਰਜਣਾ ਦਾ ਰੱਬ ਹੈ
ਤੇ ਰੱਬ ਵਰਗੀ ਸਿਰਜਣਾ,
ਜੋ ਮੁਹੱਬਤ ਦੇ ਫ਼ੁੱਲ ਜਣਦੀ
ਤੇ ਲਹੂ 'ਚੋਂ ਅੰਗ ਘੜਦੀ।

ਮਾਂ ਲੋਰੀਆਂ ਤੇ ਚੁੰਮਣਾ ਦੀ
ਸਜੀਵ ਜਿਹੀ ਚਾਨਣੀ।

ਮਾਂ, ਬੋਲੀ ਦੀ ਹੈ ਜਨਮਦਾਤੀ
ਜੋ ਅਸੀਸਾਂ ਦੇ ਸ਼ਬਦ ਚੁਣ ਕੇ
ਪ੍ਰਭਾਤਾਂ ਨੂੰ ਜਗਾਵੰਦੀ।

ਮਾਂ ਆਪੇ ਨੂੰ ਵਾਰਨੇ ਦੀ
ਨਿਸ਼ਕਾਮ ਸਾਧਨਾ
ਜੋ ਸਭਿਅਤਾ ਦੇ ਪੰਨਿਆਂ 'ਤੇ
ਜ਼ਿੰਦਗੀ ਦੀ ਬਾਤ ਪਾਉਂਦੀ
ਤੇ ਸੁਪਨੇ ਸਾਕਾਰ ਕਰਦੀ।

ਮਾਂ ਹੁਨਰ ਦੇ ਹੱਥ ਬਣ ਕੇ
ਸਦੀਆਂ ਸੁਰਜੀਤ ਕਰਦੀ।

ਮਾਂ ਧੁੱਪਾਂ 'ਚ ਛਾਂਵਾਂ ਕਰਦੀ,
ਤੇ ਹੁਨਾਲੇ 'ਚ ਨਿੱਘ ਭਰਦੀ
ਪਿੰਡੇ ਤੋਂ ਆਪ ਠਰਦੀ
ਤੇ ਖੇੜਾ ਪ੍ਰਦਾਨ ਕਰਦੀ।

ਮਾਂ ਸੁੱਚੀ ਸੁਹਿਰਦ ਕਾਇਆ
ਜੂਠੇ ਸਵੱਛ ਕਰਦੀ,
ਮਾਨਵਤਾ ਦੇ
ਨਕਸ਼ ਘੜਦੀ!!

## ਘਰ

ਘਰ ਮਾਂ ਦੇ ਪਵਿੱਤਰ ਚੁੰਮਣਾ ਦੀ
ਫੁੱਲਾਂ ਲੱਦੀ ਝੋਲੀ ਹੈ
ਜਿੱਥੇ ਸੂਰਜ ਕਿਰਨਾਂ ਵੰਡਦਾ।

ਘਰ ਬਚਪਨ ਦਾ ਪੰਘੂੜਾ ਹੈ
ਜੋ ਲੋਰੀਆਂ ਸੰਗ ਝੂਲਦਾ।

ਘਰ ਜਨਮ ਦੀ ਦਹਿਲੀਜ਼ ਹੈ
ਜਿੱਥੇ ਬੂਹੇ ਟੰਗੇ, ਸਾਵੇ ਪੱਤੇ
ਖ਼ੈਰ ਸੁੱਖ ਮੰਗਦੇ।

ਘਰ ਮਾਂ ਬੋਲੀ ਸਿੱਖਣ ਲਈ
ਸ਼ਬਦਾਂ ਦੀ ਟਕਸਾਲ ਹੈ।

ਘਰ ਓਡਣੇ ਦੀ ਛੱਤ ਹੈ
ਜਿੱਥੇ ਗੀਤ ਆਪੇ ਜਨਮ ਦੇ।

ਘਰ ਅਪਣੱਤ ਦੀ ਤੇ ਪੱਤ ਦੀ
ਨਿੱਘ ਭਰੀ ਗੋਦ ਹੈ।

ਘਰ ਵਿਰਸਿਆਂ ਦੀ ਸੰਪਤੀ
ਜੋ ਭਵਿੱਖ ਨੂੰ ਹੈ ਤੋਰਦੀ।

ਘਰ ਚੁੱਲ੍ਹਿਆਂ ਦੇ ਤਪਣ ਦਾ
ਭੁੱਖ ਲਾਹੁੰਦਾ ਦੁਆਰ ਹੈ।

ਘਰ ਭੇਤ ਭਰੀਆਂ ਗੱਲਾਂ ਲਈ
ਓਟ ਦੇਂਦਾ ਓਟੀਆ।

ਘਰ ਨੇਕੀ ਦੀ ਇਬਾਦਤ ਦਾ
ਸਰਘੀ ਜਿਹਾ ਵਾਕ ਹੈ।

ਘਰ ਚਾਨਣ ਦੀ ਪ੍ਰਾਪਤੀ ਲਈ
ਡਿਊਟ ਧਰਿਆ ਦੀਵੜਾ
ਜੋ ਕਿਰਨਾਂ ਵੰਡਦਾ ਤੇ ਹੱਸਦਾ।

ਘਰ ਕੰਧਾਂ ਉੱਤੇ ਔਸੀਆਂ ਦੀ
ਲਿੱਪੀ ਹੋਈ ਲਿੱਪੀ ਹੈ,
ਤੇ ਆਉਣ ਵਾਲੀ ਕੱਲ੍ਹ ਨੂੰ
ਖ਼ੁਸ਼-ਆਮਦੀਦ ਕਹਿਣ ਵਾਲਾ
ਸੁੱਚਾ ਜਿਹਾ ਬੋਲ ਹੈ।

ਘਰ ਜਜ਼ਬਿਆਂ ਦਾ ਚੁੰਬਕੀ ਲਗਾਓ ਹੈ
ਜਿੱਥੇ ਰਿਸ਼ਤਿਆਂ ਦੇ ਨਾਂ
ਰੱਖੇ ਜਾਂਵਦੇ।

ਘਰ ਤਲਖ਼ੀਆਂ ਰੰਗੀਨੀਆਂ ਦਾ
ਥਰਥਰਾਉਂਦਾ ਕਾਸਾ ਹੈ
ਜੋ ਛਲਕਦਾ ਤੇ ਉਛਲਦਾ।

ਘਰ ਹੰਝੂਆਂ ਤੇ ਹਾਸਿਆਂ ਦਾ
ਨਫ਼ੀ ਹੈ ਜਾਂ ਹਾਸਲ ਹੈ।

ਘਰ ਤਿਆਗ ਅਤੇ ਗ੍ਰਿਸਤ ਦੀ
ਡੋਲੀ ਚੜ੍ਹਦੀ ਮਮਤਾ
ਜੋ ਹੂਕ ਬਣ ਕੇ ਉੱਠਦੀ।

ਘਰ ਚਾਰ ਕੁੰਟਾਂ ਗੱਛਣ ਲਈ
ਵਾਪਸੀ ਦੀ ਖੜਾਮ ਹੈ।

ਘਰ ਹੋਂਦ ਦਾ ਸਿਰਨਾਵਾਂ ਹੈ
ਜਿੱਥੇ ਦਸਤਕ ਦਿੱਤੀ ਜਾਂਵਦੀ।

ਘਰ ਅਜੇਹੀ ਖਿੱਚ ਭਰੀ ਹੁੱਭ ਹੈ
ਜਿੱਥੇ ਸ਼ਾਮ ਢਲੇ
ਪੈਰ ਮੁੜਨਾ ਲੋਚਦੇ।

ਘਰ ਆਦਮੀ ਦੀ ਅਉਧ ਦਾ
ਆਖ਼ਰੀ ਸਵਾਸ ਹੈ
ਜਿੱਥੇ ਸੋਗ ਮਿਲ ਕੇ ਬੈਠਦਾ।

ਘਰ ਠਉਰ ਵਾਲੀ ਥਾਂ ਹੈ
ਜਿੱਥੇ ਸਾਰੀ ਥਕਾਣ ਲੱਥਦੀ
ਤੇ ਪ੍ਰਭਾਤ ਉਦੈ ਹੋਂਵਦੀ!!

## ਖ਼ਾਮੋਸ਼ੀ

ਖ਼ਾਮੋਸ਼ੀ ਅਡੋਲ ਬੁੱਤ ਨਹੀਂ
ਚੇਤਨਾ ਦੀ ਨਦੀ ਦਾ
ਇੱਕ ਵਹਿਣ ਹੈ।

ਖ਼ਾਮੋਸ਼ੀ ਤਾਰਿਆਂ ਤੇ ਅੰਬਰਾਂ ਦੀ
ਤੇ ਸਾਗਰਾਂ ਦੀ ਭਾਸ਼ਾ ਹੈ।

ਖ਼ਾਮੋਸ਼ੀ ਸਿਰਜਣਾ ਦਾ ਭੇਤ ਹੈ
ਤੇ ਭੇਤ ਗੁੱਝੀ ਸਿਰਜਣਾ।

ਖ਼ਾਮੋਸ਼ੀ ਸਦੀਆਂ ਤੀਕਰ,
ਰਹਿਣ ਵਾਲੀ 'ਮੈਂ' ਹੈ।

ਖ਼ਾਮੋਸ਼ੀ ਕਿਸੀ ਹੋਂਦ ਦੀ
ਆਲਮੀ ਆਵਾਜ਼ ਹੈ।

ਖ਼ਾਮੋਸ਼ੀ ਸੰਵੇਦਨਾ ਦੀ ਲਿੱਪੀ ਹੈ
ਤੇ ਜਜ਼ਬਿਆਂ ਦੀ ਬਾਣੀ।

ਖ਼ਾਮੋਸ਼ੀ ਕਾਇਆ ਦਾ
ਇੱਕ ਪਾਰਦਰਸ਼ੀ ਬਿੰਬ ਹੈ।

ਖ਼ਾਮੋਸ਼ੀ ਆਤਮਾ ਦਾ ਗੀਤ ਹੈ
ਤੇ ਗੀਤ ਵਰਗੀ ਆਤਮਾ।

ਖ਼ਾਮੋਸ਼ੀ ਸੱਚ ਦੀ ਤਸਦੀਕ ਹੈ
ਤੇ ਲੀਨਤਾ ਦੀ ਪ੍ਰਬੀਨਤਾ।

ਖ਼ਾਮੋਸ਼ੀ ਪਿਆਰ ਦੀ ਅਨੰਤਤਾ
ਤੇ ਅਨੰਤਤਾ ਦੀ ਰੀਝ ਹੈ।

ਖ਼ਾਮੋਸ਼ੀ ਪੂਜਾ ਜਿਹੀ ਮਾਂ ਹੈ
ਤੇ ਪੰਘੂੜੇ ਵਰਗੀ ਲੋਰੀ।

ਖ਼ਾਮੋਸ਼ੀ ਕੁਦਰਤ ਦੇ ਇਸ਼ਾਰਿਆਂ ਦਾ
ਬੋਲ ਰਹਿਤ ਸੰਦੇਸ਼ ਹੈ।

ਖ਼ਾਮੋਸ਼ੀ ਸੁਪਨਿਆਂ ਦੀ ਧੁੱਪ ਹੈ
ਤੇ ਰੈਣ ਜਿਹੀ ਛਾਂ ਹੈ।

ਖ਼ਾਮੋਸ਼ੀ ਰੌਸ਼ਨੀ ਦੀ ਝਾੜੀ ਹੈ
ਤੇ ਮੋਹ ਭਰੀ ਤੱਕਣੀ
ਜਿੱਥੇ ਲੋਅ ਜਗਦੀ ਪਿਆਰ ਦੀ!!

## ਚੀਕ

ਚੀਕ ਸਿਰਫ਼ ਇੱਕ ਆਵਾਜ਼ ਨਹੀਂ
ਮਨੁੱਖ ਦੇ ਜਨਮ ਦਾ ਆਗਾਜ਼ ਹੈ।

ਚੀਕ ਮਾਂ ਹੋਣ ਦਾ
ਕਰਤਾਰੀ ਜਿਹਾ ਪ੍ਰਮਾਣ ਹੈ।

ਚੀਕ ਹਵਾ ਦੀਆਂ ਸਿਸਕੀਆਂ ਦੀ
ਦਿਲਾਂ ਤੱਕ ਥਰਥਰਾਉਂਦੀ ਹਿਚਕੀ ਹੈ।

ਚੀਕ ਜ਼ੁਲਮ ਜਿਹੇ ਦੈਂਤ ਅੱਗੇ
ਬੇਬਸੀ ਦਾ ਰੁਦਨ ਹੈ।

ਚੀਕ ਕਿਸੀ ਲਿੱਪੀ ਦੀ ਮੁਥਾਜ ਨਹੀਂ
ਲਿੱਪੀ ਰਹਿਤ ਬੋਲ ਹੈ।

ਚੀਕ ਕਿਸੇ ਖੌਫ਼ਨਾਕ ਘਟਨਾ ਦੀ
ਅਰਥ ਭਰੀ ਗੁਆਹੀ ਹੈ।

ਚੀਕ ਕੱਚ ਦੀ ਤੇ ਸੱਚ ਦੀ
ਰਹਿਣ ਵਾਲੀ ਲੀਕ ਹੈ।

ਚੀਕ ਅੰਦਰਲੇ ਮਨੁੱਖ ਦੀ
ਤਲਮਲਾਉਂਦੀ ਵੇਦਨਾ।

ਚੀਕ ਕਿਸੇ ਮਹਿਬੂਬ ਦੀ
ਗੀਤ ਗਾਉਂਦੀ ਵੰਝਲੀ ਦੀ ਹੂਕ ਹੈ,
ਜਾਂ ਮੂਕ ਹੋਈਆ ਹਸਰਤਾਂ ਦੀ
ਹੰਝੂਆਂ ਭਰੀ ਕਲਕਾਰੀ ਹੈ।

ਚੀਕ ਕਿਸੀ ਵਿਲਕਣੀ ਦਾ
ਅਣ ਡਿੱਗਿਆ ਅੱਥਰੂ
ਜਾਂ ਵਿਰਲਾਪ ਕਰਦੀ ਆਤਮਾ।

ਚੀਕ ਹੈਰਾਨੀਆਂ ਪ੍ਰੇਸ਼ਾਨੀਆਂ ਦੀ
ਅਣਕਿਆਸੀ ਸੰਵੇਦਨਾ
ਜਾਂ ਕਿਸੇ ਕੰਜਕ ਉੱਤੇ ਜਬਰ ਦੀ
ਅਣਮਨੁੱਖੀ ਲਾਸ ਦੀ ਸ਼ਰਮਿੰਦਗੀ।

ਚੀਕ ਸਮੇਂ ਦੀ ਸਲੀਬ 'ਤੇ
ਰਹਿਣ ਵਾਲਾ ਸੱਚ ਹੈ,
ਤੇ ਨਿਆਂ ਦੀ ਕਚਹਿਰੀ ਲਈ
ਆਉਣ ਵਾਲੀ ਕੱਲ੍ਹ ਦਾ ਅਰੰਭ ਹੈ।

ਚੀਕ ਵਿਦਰੋਹੀ ਸੁਰਾਂ ਦੀ ਪ੍ਰਭਾਤ ਹੈ
ਜੋ ਲੋੜਦੀ ਹੈ ਜ਼ਿੰਦਗੀ।

ਚੀਕ ਜੰਗਲਾਂ ਦੇ ਰੁੱਖਾਂ ਦਾ
ਸਰੋਦੀ ਜਿਹਾ ਸੰਗੀਤ ਹੈ।

ਚੀਕ ਦਰਦ ਹੈ ਜਾਂ ਪੀੜ ਹੈ
ਪਰ ਜਿਊਣ ਦਾ ਅਹਿਸਾਸ ਹੈ।

ਚੀਕ ਮੈਂ ਅਤੇ ਤੂੰ ਦੀ
ਹੋਂਦ ਦਾ ਸੰਘਰਸ਼ ਹੈ।

ਚੀਕ ਜ਼ਿੰਦਗੀ ਦੇ ਅੰਤ ਦਾ
ਸੋਗੀ ਜਿਹਾ ਬਿੰਬ ਹੈ।

ਚੀਕ ਸਿਰਫ਼ ਇੱਕ ਆਵਾਜ਼ ਨਹੀਂ
ਬਹੁ-ਅਰਥੀ ਚੀਸ ਹੈ!!

# ਪਿਆਰ

ਪਿਆਰ ਵਲਵਲੇ ਦਾ ਫੁੱਲ ਹੈ
ਜੋ ਆਤਮਾ ਦੀ ਝੀਲ ਵਿੱਚੋਂ ਮਹਿਕਦਾ।

ਪਿਆਰ ਰੂਹਾਂ ਦੇ ਸੁਮੇਲ ਲਈ
ਖ਼ੂਬਸੂਰਤ ਕਲਪਨਾ ਦਾ ਸੱਚ ਹੈ।

ਪਿਆਰ ਚੁੰਮਣਾ ਦੀ ਤਾਂਘ ਲਈ
ਜਿਸਮਾਂ ਦਾ ਇੱਕ ਫ਼ਾਸਲਾ
ਜੋ ਵਿੱਥਾਂ ਨੂੰ ਹੈ ਮੇਟਦਾ।

ਪਿਆਰ ਕਾਇਆ ਦਾ ਸੰਗੀਤ ਹੈ
ਜੋ ਯਾਰੜੇ ਦੀ ਆਰਤੀ ਉਤਾਰਦਾ।

ਪਿਆਰ ਕੱਚਿਆਂ 'ਤੇ ਤੈਰਨ ਲਈ
ਇਸ਼ਕ ਦਾ ਰਿਆਜ਼ ਹੈ।

ਪਿਆਰ ਭਿੰਨ-ਭੇਦ ਮੇਟਣੇ ਦੀ
ਆਪਸੀ ਪਛਾਣ ਹੈ।

ਪਿਆਰ ਸਿਰੜ ਦੀ ਸਦੀਵ-ਗਾਥਾ
ਜੋ ਤੇਸਿਆਂ ਦੇ ਨਾਲ
ਪਰਬਤ ਚੀਰਦੀ।

ਪਿਆਰ ਸੂਖ਼ਮੀ ਅਨੁਭਵਾਂ ਦੀ
ਹੁਨਰੀ ਪਰਦੱਖਣਾ
ਜੋ ਜ਼ਿੰਦਗੀ ਜਿਊਣ ਲਈ
ਕਲਾਵਿਆਂ ਨੂੰ ਲੋਚਦੀ।

ਪਿਆਰ ਹੁਸਨ ਦੇ ਹੁਲਾਰਿਆਂ ਦਾ
ਆਕਰਸ਼ਕੀ ਅੰਦਾਜ਼ ਹੈ
ਜੋ ਅੰਦਰਲੀ ਖ਼ਾਮੋਸ਼ੀ ਨੂੰ ਹੈ ਤੋੜਦਾ।

ਪਿਆਰ ਭਾਵਾਂ ਦਾ ਇਕਰਾਰਨਾਮਾ
ਜੋ ਦਿਲਾਂ ਨੂੰ ਹੈ ਜੋੜਦਾ।

ਪਿਆਰ ਛਾਤੀ ਵਿੱਚੋਂ ਸਿੰਮਿਆ
ਅਨਾਦੀ ਸੁੱਚਾ ਦੁੱਧ ਹੈ
ਜੋ ਤਨਾਂ ਦੀ ਪ੍ਰਾਪਤੀ ਦੇ
ਨੂਰ ਨੂੰ ਹੈ ਪਾਲਦਾ।

ਪਿਆਰ ਅੱਗ ਦਾ ਉਹ ਗੀਤ ਹੈ
ਜੋ ਇਕੱਲਤਾ ਦਾ ਨਿੱਘ ਮਾਨਣ ਜਾਣਦਾ।

ਪਿਆਰ ਜ਼ਿੰਦਗੀ ਦਾ ਤੱਥ ਹੈ
ਜੋ ਵੱਥ ਬਣਕੇ ਗੁਜ਼ਰਦਾ।

ਪਿਆਰ ਮੁਹੱਬਤ ਦੀ ਕਨਸੋਅ ਡਾਢੀ
ਜਿਸ ਦੀ ਪੈੜ-ਚਾਲ
ਕੰਨੀਂ ਨਹੀਂ
ਅਹਿਸਾਸਾਂ ਰਾਹੀਂ ਸੁਣੀਂਦੀ।

ਪਿਆਰ ਬਿਰਹੋਂ ਦੀ ਉਹ ਪੀੜ ਹੈ
ਜੋ ਅਧਰੈਣੀ ਸਮੇਂ ਜਾਗਦੀ
ਤੇ ਦਿਨੇ ਭਟਕਣਾ ਕਬੂਲਦੀ।

ਪਿਆਰ ਅਪਣੱਤ ਭਰੀ ਤੱਕਣੀ ਦੀ
ਅਗੰਮੀ ਜਿਹੀ ਝਰਨਾਟ ਹੈ
ਜੋ ਅੰਗ-ਅੰਗ ਨਸ਼ਿਆਉਂਦੀ।

ਪਿਆਰ ਕਹਿਕਸ਼ਾਂ ਦੀ ਖ਼ੁਸ਼ਬੂ ਹੈ
ਜੋ ਸੁਪਨਿਆਂ ਦੇ ਆਰ-ਪਾਰ ਲੰਘਦੀ।

ਪਿਆਰ ਸਵੈ ਵਿੱਚੋਂ 'ਮੈਂ' ਨੂੰ
ਮਨਫ਼ੀ ਕਰਨ ਦੀ ਪ੍ਰਤਿੱਗਿਆ
ਜੋ ਦੂਸਰੇ ਦੇ ਆਪੇ ਨੂੰ ਸਵੀਕਾਰਦੀ।

ਪਿਆਰ ਅਨਲਹੱਕ ਦੇ ਸੰਕਲਪ ਲਈ
ਕੁਰਬਾਨੀ ਦੀ ਬੁਲੰਦੀ ਹੈ
ਜਿੱਥੇ ਮੌਤ ਆਖ਼ਿਰ ਹਾਰਦੀ।

ਪਿਆਰ ਜਜ਼ਬਿਆਂ ਦੀ ਸਾਂਝ ਹੈ
ਜਿੱਥੇ ਹੋਂਦ ਦੀ ਲਕੀਰ
ਮੁਕਤੀ ਧਾਰਦੀ।

ਪਿਆਰ ਵਸਲ ਦੀ ਉਹ ਪੀਂਘ ਹੈ
ਜਿੱਥੇ ਵਿਸਮਾਦ ਦੇ ਛਿਨ ਭੋਗ ਕੇ
ਤ੍ਰਿਸ਼ਨਾ ਰੱਜ ਮਾਣਦੀ।

ਪਿਆਰ ਰਹਿਮਤਾਂ ਦੀ ਘੜੀ ਹੈ
ਜੋ ਖ਼ੁਦੀ ਨੂੰ ਹੈ ਮੇਟਦੀ।

ਪਿਆਰ ਮਨ ਦੀ ਪੁਸ਼ਾਕ ਹੈ
ਇੱਛਾਵਾਂ ਦੀ ਜੋ ਡੋਲੀ ਚੜ੍ਹ
ਕਦੇ ਮੈਲੀ ਨਹੀਂ ਹੋਂਵਦੀ।

ਪਿਆਰ ਪਿੰਡੇ ਦਾ ਉਹ ਦੀਵਾ ਹੈ
ਜਿਸ 'ਚ ਆਤਮਾ ਦੀ ਬੱਤੀ ਲਟ-ਲਟ ਬਲ
ਚਾਨਣ ਖਲੇਰਦੀ।

## ਦੋਸਤੀ

ਦੋਸਤੀ ਸੰਵੇਦਨਾ ਦਾ ਪੁਲ ਹੈ
ਜੋ ਭਾਵਾਂ ਦੇ ਹਾਣ ਮੇਲਦਾ।

ਦੋਸਤੀ ਖ਼ੁਸ਼-ਆਮਦੀਦ ਬੋਲ ਹੈ
ਜੋ ਬੰਦ ਬੂਹੇ ਖੋਲ੍ਹਦਾ।

ਦੋਸਤੀ ਗ਼ੈਰਹਾਜ਼ਰ ਪਿੱਠ ਦੀ
ਸੁਹਿਰਦਤਾ ਦੀ ਢਾਲ ਹੈ
ਤੇ ਸੰਕਟ ਸਮੇਂ
ਨੇਜ਼ੇ ਵਰਗੀ ਜੁਰਅਤ ਹੈ।

ਦੋਸਤੀ ਜ਼ਿੰਦਗੀ ਦਾ ਗਹਿਣਾ ਹੈ
ਜੋ ਬਿਨਾਂ ਕਹੇ ਮੁੱਲ ਤਾਰਦਾ।

ਦੋਸਤੀ ਦਿਲਾਂ ਦੀ ਪ੍ਰਮਾਣਤਾ ਦਾ
ਨਿਧੜਕ ਜਿਹਾ ਸੱਚ ਹੈ
ਜੋ ਕਾਨੂੰਨ ਤੋਂ ਨਾ ਹਾਰਦਾ।

ਦੋਸਤੀ ਸਿਦਕ-ਦਿਲ ਪਿੰਡੇ ਲਈ
ਬਗਲਗੀਰੀ ਹੱਥ ਹੈ।

ਦੋਸਤੀ ਤਲਖ਼ੀਆਂ ਦੇ ਤਅੱਸਬ ਦੀ
ਪਰਖੀ ਹੋਈ ਕੁਠਾਲੀ ਹੈ।

ਦੋਸਤੀ ਹੰਝੂਆਂ ਤੇ ਹਾਸਿਆਂ ਨੂੰ
ਬੋਚਣ ਵਾਲੀ ਚਿੱਪੀ ਹੈ
ਤੇ ਖ਼ਿਆਲਾਂ ਦੀ ਪਗਡੰਡੀ ਉੱਤੇ
ਸਰਗੋਸ਼ੀਆਂ ਦੀ ਮੁਸਕਣੀ।

ਦੋਸਤੀ ਆਪਣੇ ਵਰਗਾ ਹੋਣ ਦੀ
ਮੌਲਿਕਤਾ ਦੀ ਪੜ੍ਹਤ ਹੈ
ਤੇ ਮੂਲ ਜਿਹਾ ਅਨੁਵਾਦ ਹੈ।

ਦੋਸਤੀ ਵਿਵਹਾਰ ਦੀ ਕਸਵੱਟੀ ਉੱਤੇ
ਉਤਰਨ ਵਾਲਾ ਰਿਸ਼ਤਾ ਹੈ।

ਦੋਸਤੀ ਆਲਮੀ ਰਬਾਬ ਹੈ
ਜੋ ਨੂਰ ਵਰਗੀ ਆਤਮਾ ਦੇ ਗੀਤ ਗਾਉਂਦੀ।

ਦੋਸਤੀ ਖ਼ੁਦਗਰਜ਼ੀਆਂ ਤੋਂ ਮੁਕਤ ਹੋਇਆ
ਫਾੜੇ ਹੋਏ ਬੇਦਾਵੇ ਦਾ ਇਤਿਹਾਸ ਹੈ।

## ਚੁੱਪ

ਚੁੱਪ-
ਕਾਲੀ ਸੁੰਨੀ ਰਾਤ ਦੇ ਵਾਂਗੂੰ
ਬਿਨਾਂ ਬਿੜਕ ਤੋਂ ਲੰਘ ਰਹੀ ਏ
ਜਾਂ ਕੋਈ ਕਾਲਾ ਨਾਗ ਘਿਸਰ ਦਾ
ਵਿਸ ਆਪਣੀ ਨੂੰ ਘੋਲ ਰਿਹਾ ਏ!

## ਹੋਂਦ

ਪਲ ਦੀ ਵੀ ਇੱਕ ਹੋਂਦ ਹੁੰਦੀ ਏ
ਹਰ ਕਿਣਕੇ ਦਾ ਤੋਲ
ਪਰ ਇਹ ਬਿੰਦੂ
ਬਿੰਦੂਆਂ ਵਰਗਾ
ਹੋਂਦ ਵਿਹੂਣਾ
ਮਿਲਵਾਂ ਜੁਲਵਾਂ
ਪਰ ਵੱਖਰਾ ਏ,
ਗ਼ਮ ਦੀ ਉਸ ਹਿਚਕੀ ਦੇ ਵਾਂਗੂੰ
ਜਿਸ ਦੀ ਹੂਕ ਹਵਾ ਦੇ ਵਰਗੀ
ਅਣਦਿਸਦੀ, ਅਣਛੋਹੀ
ਫਿਰ ਵੀ ਜਿਸ ਦੀ ਹੋਂਦ ਹੁੰਦੀ ਏ
ਉਸ ਅਣਵੱਗੇ ਅੱਥਰੂ ਵਰਗੀ
ਜਿਸ ਦੀ ਸਿੱਲ੍ਹ ਹੁਣੇ ਹੁਣੇ ਹੀ
ਪੌਣਾਂ ਅੰਦਰ ਮਿਲੀ ਹੁੰਦੀ ਏ।
ਪਲ ਦੀ ਵੀ ਇੱਕ ਹੋਂਦ ਹੁੰਦੀ ਏ
ਹਰ ਕਿਣਕੇ ਦਾ ਤੋਲ!

# ਇਕੱਲ

ਇਕੱਲ-
ਆਪਣੀ ਆਤਮਾ ਨੂੰ ਮਿਲਣ ਦਾ
ਨਿਸ਼ੰਗ ਜਿਹਾ ਢੰਗ ਹੈ
ਜਾਂ ਮੁਹੱਬਤ ਦੇ ਅਰੰਭ ਲਈ
ਖ਼ਾਮੋਸ਼ੀ ਦਾ ਮੁੱਖ-ਬੰਦ ਹੈ।

ਇਕੱਲ ਗ਼ੈਰਹਾਜ਼ਰ ਹੋਣ ਦਾ
ਅਨੁਭਵੀ ਸਿਰਨਾਵਾਂ ਹੈ
ਜਾਂ ਆਂਤਰਿਕ ਇਕਾਂਤ ਲਈ
ਅਬੋਲ ਜਿਹਾ ਸਿਰਨਾਵਾਂ ਹੈ।

ਇਕੱਲ ਗ਼ਮ ਨੂੰ ਸੁਕਣੇ ਪਾਉਣ ਲਈ
ਪਿੰਡੋਂ ਤਿੜਿਆ ਬਨੇਰਾ ਹੈ
ਜਾਂ ਅੰਗੜਾਈਆਂ ਦੀ ਕੁੰਜ ਲਾਹੁਣ ਲਈ
ਜੋਬਨੀ ਰੁੱਤ ਦਾ ਸਵੇਰਾ ਹੈ।

ਇਕੱਲ ਦਿਲਾਂ ਦੇ ਸਕੂਨ ਲਈ
ਆਹਟ ਦੀ ਬਦਲੋਟੜੀ

ਤੇ ਦਰਦ ਭਿੱਜੇ ਵਣਜ ਦੀ
ਭੇਤ ਗੁੱਝੀ ਪੋਟਲੀ।

ਇਕੱਲ, ਖਲਾਅ ਦੀ ਝਜਰੀ ਭਰਨ ਲਈ
ਵਹਿੰਗੀ ਵਰਗਾ ਸਬਰ ਹੈ
ਜਾਂ ਅਤੀਤ ਦਿਆਂ ਮੋਢਿਆਂ 'ਤੇ
ਸੁੰਨੇ ਸੁਪਨਿਆਂ ਦੀ ਕਬਰ ਹੈ।

ਇਕੱਲ ਸਾਹਾਂ ਦੀ ਉਹ ਪਰਤ ਹੈ
ਜੋ ਜ਼ਹਿਨ ਵਿੱਚੋਂ ਰਾਤ ਵਾਂਗ ਲੰਘਦੀ
ਜਾਂ ਪ੍ਰਤੀਬਿੰਬਾਂ ਦਾ ਸਰੋਵਰ ਹੈ
ਜਿੱਥੇ ਲੱਜਿਆ ਨਾ ਸੰਗਦੀ।

ਇਕੱਲ ਫ਼ਾਸਲੇ ਨੂੰ ਮੇਟਣੇ ਲਈ
ਚੁੱਪ ਦੀ ਸਮਾਧੀ ਹੈ।

ਇਕੱਲ ਦੂਸਰੇ ਤੋਂ ਦੂਰ ਰਹਿ ਕੇ
ਨੇੜੇ ਹੋਣ ਦਾ ਅਭਿਆਸ ਹੈ।

## ਨੀਂਦਰ

ਨੀਂਦਰ ਦਾ ਨਾ ਧਰਮ ਕੋਈ
ਜੋ ਵਿਤਕਰੇ ਖਲੇਰਦੀ।

ਨੀਂਦਰ ਦੀ ਨਾ ਜਾਤ ਕੋਈ
ਕੋਈ ਰੰਗ ਨਹੀਂ
ਕੋਈ ਸੰਗ ਨਹੀਂ
ਕੋਈ ਦੇਸ ਨਹੀਂ
ਪ੍ਰਦੇਸ ਨਹੀਂ
ਬਸ ਜੀਵਾਂ ਤੇ ਸਜੀਵਾਂ ਦਾ
ਬਿੜਕ ਰਹਿਤ
ਇਲਾਹੀ ਜਿਹਾ ਆਨੰਦ ਹੈ।

ਨੀਂਦਰ ਅੱਚ ਜਿਹੇ ਸੱਚ ਲਈ
ਅਚੇਤਨਾ ਦਾ ਸਫ਼ਰ ਹੈ
ਤੇ ਚੇਤਨਾ ਨੂੰ ਕੱਜਣ ਲਈ
ਰੰਗ ਰਹਿਤ ਲਿਬਾਸ ਹੈ।

ਨੀਂਦਰ ਥਕਾਨ ਦੀ ਸਵਾਰੀ ਕਰ
ਸੱਜਰੇ ਤਨਾਂ ਨੂੰ ਉਥਾਨਦੀ
ਤੇ ਇੰਦਰੀਆਂ ਦੇ ਸੁਆਦ ਲਈ
ਸਮਾਧੀਆਂ ਨੂੰ ਮਾਣਦੀ।

ਨੀਂਦਰ ਸੁਪਨਿਆਂ ਦੀ ਆਰਸੀ
ਜਿੱਥੇ ਸਿਮਰਤੀਆਂ ਦੇ ਅੰਸ਼
ਚੁੱਪ-ਚੁਪੀਤੇ ਝਲਕਦੇ
ਤੇ ਚੰਨ ਤਾਰੇ ਡਲ੍ਹਕਦੇ।

ਨੀਂਦਰ ਅੱਖੀਆਂ ਦੇ ਸਰਾਂ ਵਿੱਚ
ਪਾਰਦਰਸ਼ੀ ਕਲਪਨਾ ਦਾ ਛੰਭ ਹੈ।

ਨੀਂਦਰ ਰਾਤ ਦੇ ਝਰੋਖੇ 'ਚੋਂ
ਪ੍ਰਭਾਤ ਉਦੈ ਹੋਣ ਦੀ ਤਿਆਰੀ ਹੈ।

ਨੀਂਦਰ ਅਣਮਿਲਿਆਂ ਦੇ ਮੇਲ ਲਈ
ਅਦ੍ਰਿਸ਼ਟ ਜਿਹਾ ਸੁਮੇਲ ਹੈ।

# ਬਿਰਖ਼

ਬਿਰਖ਼–
ਆਪੇ ਦੀ ਇਬਾਰਤ ਉਤਾਰਦਾ
ਕਾਗਜ਼ ਦਾ ਪੰਨਾ ਹੈ।

ਬਿਰਖ਼–
ਕਲਮ ਹੈ, ਦੁਆਤ ਹੈ
ਦੁਆਤ ਦੀ ਸਿਆਹੀ ਹੈ
ਸਿਆਹੀ ਲਈ ਸਮੁੰਦ ਹੈ।

ਬਿਰਖ਼–
ਆਦਿ ਹੈ, ਜੁਗਾਦਿ ਹੈ,
ਵੇਦ ਹੈ, ਕਤੇਬ ਹੈ
ਗਰੰਥ ਹੈ, ਸ਼ਾਸਤਰ ਹੈ
ਸਸ਼ਤਰ ਹੈ।

ਬਿਰਖ਼–
ਘਰ ਦਾ ਦੁਆਰ ਹੈ

ਲੋਰੀ ਲਈ ਪੰਘੂੜਾ ਹੈ
ਕਾਠ ਦਾ ਸੰਗ੍ਰਹਿ ਹੈ।

ਬਿਰਖ਼–
ਸਾਜ਼ ਹੈ, ਆਵਾਜ਼ ਹੈ
ਆਵਾਜ਼ ਲਈ ਸੁਆਸ ਹੈ।

ਬਿਰਖ਼–
ਸੁੰਦਰਤਾ ਹੈ
ਬਹਾਰ ਹੈ, ਸ਼ਿੰਗਾਰ ਹੈ।

ਬਿਰਖ਼–
ਪੂਰਤੀ ਹੈ ਭੁੱਖ ਦੀ
ਜੀਵਾਂ ਨੂੰ ਜਾਨ ਬਖ਼ਸ਼ਦੀ।

ਬਿਰਖ਼–
ਬੇੜੀ ਹੈ
ਪੁਲ ਹੈ
ਮੁਹੱਬਤ ਦੀ ਇਬਾਦਤ ਹੈ।

ਬਿਰਖ਼-
ਗੀਤ ਹੈ
ਸਦੀਆਂ ਤੀਕ ਹੈ।

ਜੋ ਬਿਰਖ਼ ਹੈ
ਮਨੁੱਖ ਹੈ
ਸੰਸਾਰ ਹੈ
ਇਹ ਲੀਲ੍ਹਾ
ਅਪਰ-ਅਪਾਰ ਹੈ।

ਬਿਰਖ਼-
ਜੜ੍ਹ ਹੈ
ਮੁੱਢ ਹੈ
ਸਭਿਆਚਾਰ ਹੈ!!

# ਸੰਗੀਤ

ਸੰਗੀਤ, ਆਤਮਾ ਦੀ ਬੰਦਗੀ
ਜੋ ਪੌਣਾਂ ਉੱਤੇ ਤੈਰਦੀ।

ਸੰਗੀਤ ਸੁਰਾਂ ਦੀ ਹੈ ਕੰਬਣੀ
ਜੋ ਧੁਨੀਆਂ ਰਾਹੀਂ ਗੂੰਜਦੀ
ਤੇ ਸਾਜ਼ ਵਿੱਚੋਂ ਉਗਮਕੇ
ਕੋਈ ਰਾਗ ਬਣਨਾ ਲੋਚਦੀ।

ਸੰਗੀਤ ਲੈਅ ਬੱਧੀ ਤਰਲਤਾ
ਜੋ ਅਦ੍ਰਿਸ਼ ਹੁੰਦੀ
ਪਰ ਦ੍ਰਿਸ਼ ਬਣਕੇ ਪਿੰਘਲ ਦੀ।

ਸੰਗੀਤ ਕਲਪਨਾ ਦੀ ਕਾਇਆ ਦਾ
ਪਾਰਦਰਸ਼ੀ ਬਿੰਬ ਹੈ।

ਸੰਗੀਤ ਸੱਚ ਦੀ ਇਬਾਦਤ ਹੈ
ਤੇ ਸੂਖ਼ਮਤਾ ਦੀ ਦਾਅਵਤ ਹੈ।

ਸੰਗੀਤ ਪਾਂਧੀਆਂ ਦੇ ਪੈਰਾਂ ਲਈ
ਕੰਨਾਂ ਰਾਹੀਂ ਤੁਰਨ ਦੀ ਇੱਕ ਜਾਚ ਹੈ।

ਸੰਗੀਤ ਗੀਤ ਦੇ ਅਰੰਭ ਲਈ
ਆਵਾਜ਼ ਦੀ ਹੈ ਕੰਬਣੀ।

ਸੰਗੀਤ ਜੀਵਾਂ ਤੇ ਸਜੀਵਾਂ ਨੂੰ
ਕੀਲਣ ਵਾਲੀ ਮਧੁਰਤਾ
ਤੇ ਤਰੰਗਾਂ ਦੀ ਇੱਕ ਝੁਣ-ਝੁਣੀ
ਜੋ ਜਜ਼ਬਿਆਂ ਨੂੰ ਟੁੰਬਦੀ।

ਸੰਗੀਤ ਸੰਵੇਦਨਾ ਦੀ ਵੇਦਨਾ
ਜੋ ਮੂਕ ਵਿੱਚੋਂ ਹੂਕ ਬਣਕੇ ਨਿਕਲਦੀ।

ਸੰਗੀਤ ਕਲਾ ਦੀ ਅੰਗੜਾਈ ਹੈ
ਜੋ ਸੁੱਤੀ ਹੋਈ ਜਿੰਦ ਨੂੰ
ਹੋਕਾ ਦੇ ਜਗਾਵੰਦੀ।

ਸੰਗੀਤ ਰੂਹਾਂ ਦੇ ਸੁਮੇਲ ਲਈ
ਮੇਲ ਦਾ ਆਨੰਦ ਹੈ

ਤੇ ਸਮੇਂ ਨੂੰ ਖੜੋਣ ਦਾ
ਵਿਸਮਾਦੀ ਜਿਹਾ ਢੰਗ ਹੈ।

ਸੰਗੀਤ ਤਪੱਸਿਆ ਦੀ ਬਿਰਤੀ ਹੈ
ਜੋ ਸਵੈ ਨੂੰ ਤਿਆਗ ਚੌਹੀਂ ਪਾਸੀਂ ਖਿੰਡਰਦੀ।

ਸੰਗੀਤ ਕਾਦਰ ਦੀ ਕਾਇਨਾਤ ਨਾਲ
ਜੁੜਨ ਦਾ ਰਿਆਜ਼ ਹੈ।

ਸੰਗੀਤ ਅਵੱਲੀ ਜਿਹੀ ਰੀਝ ਹੈ
ਜੋ ਫ਼ਕੀਰੀ ਜਾਂ ਅਮੀਰੀ ਵੇਸ ਪਹਿਨਦੀ।

ਸੰਗੀਤ ਮਸਤੀ ਦੀ ਬੁਲੰਦੀ ਹੈ
ਜੋ ਭਿੰਨ ਭੇਦ ਮੇਟਦੀ।

ਸੰਗੀਤ ਲੋਰੀ ਜਿਹੀ ਮਮਤਾ
ਤੇ ਵੈਣ ਜਿਹਾ ਸੱਚ ਹੈ।

ਸੰਗੀਤ ਜ਼ਿੰਦਗੀ ਦਾ ਖ਼ੂਬਸੂਰਤ ਆਦਿ ਹੈ
ਤੇ ਸੋਗੀ ਜਿਹਾ ਅੰਤ ਹੈ।।

## ਸੁਪਨਾ

ਸੁਪਨਾ ਨੀਂਦ ਦੀ ਘਨੇੜੀ ’ਤੇ
ਰਹੱਸ ਦਾ ਆਨੰਦ ਹੈ
ਜੋ ਸਰਘੀ ਵਾਲੇ ਤਾਰੇ ਵਾਂਗ
ਨਜ਼ਰ ਆਉਣੋਂ ਸੰਗਦਾ।

ਸੁਪਨਾ ਰੀਝ ਦੀ ਤ੍ਰਿਪਤੀ ਲਈ
ਅਤ੍ਰਿਪਤ ਜਿਹਾ ਲਾਰਾ ਹੈ
ਤੇ ਖ਼ੁਸ਼ੀ ਜਿਹਾ ਫੁੱਲ ਹੈ
ਜਾਂ ਹੰਝੂ ਕੋਈ ਖਾਰਾ ਹੈ।

ਸੁਪਨਾ ਬੋਲ ਰਹਿਤ ਗੀਤ ਹੈ
ਜੋ ਮਲਕੜੇ ਹੀ
ਪੌਣ ਵਾਂਗ ਖਿਸਕਦਾ
ਤੇ ਬੱਚੇ ਦੇ ਖਿਡੌਣੇ ਵਾਂਗ
ਰੋਸਾ ਬਣ ਕੇ ਬਿਨਸਦਾ।

ਸੁਪਨਾ ਪਿੰਡੇ ਨਾਲੋਂ ਖੰਡਿਤ ਹੋਈ
ਕਲਪਨਾ ਦੀ ਕਾਤਰ ਹੈ।

ਸੁਪਨਾ ਯਾਦਾਂ ਭਰੀ ਚਿੱਤਰਸ਼ਾਲਾ
ਜੋ ਚੇਤਿਆਂ ਨੂੰ ਚਿਤਵਦੀ।

ਸੁਪਨਾ ਨੇਰ੍ਹਿਆਂ ਦੀ ਬਿੜਕ ਚਾਲ
ਜੋ ਜਾਗ ਕੋਲੋਂ ਤ੍ਰਭਕਦੀ।

ਸੁਪਨਾ ਤਲਖ਼ੀਆਂ ਰੰਗੀਨੀਆਂ ਦੀ
ਅਣ-ਖਿਲੀ ਕਹਾਣੀ ਹੈ
ਤੇ ਪੋਲੇ ਪੈਰੀਂ ਤੁਰਨ ਦੀ
ਬਿਨਾਂ ਦਸਤਕ ਦਾਸਤਾਨ।

ਸੁਪਨਾ ਅਧਰੈਣੀ ਗਲਵਕੜੀ
ਜੋ ਉਮੰਗਾਂ ਰਾਹੀਂ
ਅੰਗਾਂ ਨੂੰ ਅਲਸਾਂਵਦੀ।

ਸੁਪਨਾ ਬੇਦਾਗ਼ ਜਿਹੀ ਚੋਰੀ ਹੈ
ਜੋ ਮੁਹੱਬਤਾਂ ਨੂੰ ਪੂਰਦੀ।

ਸੁਪਨਾ ਅਸੱਚ ਦੀ ਕਚਹਿਰੀ ਹੈ
ਜਿੱਥੇ ਡਿੱਠ ਤੇ ਅਣਡਿੱਠ ਬਰੀ ਹੋਂਵਦਾ।

ਸੁਪਨਾ ਜ਼ਿੰਦਗੀ ਦੇ ਸਵਾਸਾਂ ਤੱਕ
ਜਿਉਣ ਦੀ ਉਮੀਦ ਹੈ।

## ਮਨੁੱਖ

ਕੁੱਤਾ ਹਨੇਰੇ ਨੂੰ
ਭੌਂਕਦਾ ਹੈ
ਮਨੁੱਖ ਦਿਨ ਦੀਵੀਂ
ਕੂੜ ਵਣਜਦਾ ਹੈ।

ਬਾਰਸ਼ ਕਾਇਨਾਤ ਨੂੰ
ਧੋਅ ਰਹੀ ਹੈ
ਮਨੁੱਖ ਪਾਣੀਆਂ ਨੂੰ
ਗੰਧਲਾਅ ਰਿਹਾ ਹੈ।

ਪੰਛੀ ਅੰਬਰੀਂ ਉੱਡਣਾ
ਭੁੱਲਦਾ ਨਹੀਂ
ਮਨੁੱਖ ਅੰਦਰੋਂ
ਸੁੰਗੜ ਰਿਹਾ ਹੈ।

ਮਿੱਟੀ ਸਗਲ ਬਨਸਪਤ
ਉਪਜਦੀ ਹੈ
ਮਨੁੱਖ ਹਵਸ ਵਿੱਚ
ਘਿਰ ਗਿਆ ਹੈ।

ਫੁੱਲ ਤ੍ਰੇਲ ਪਇਆਂ
ਟਹਿਕਦੇ ਨੇ
ਮਨੁੱਖ ਹੰਝੂਆਂ 'ਚ
ਛਿੱਜ ਰਿਹਾ ਹੈ।

ਜੰਗਲ ਸੰਗੀਤ ਧੁਨਾਂ
ਅਲਾਪਦੇ ਨੇ
ਮਨੁੱਖ ਸ਼ੋਰ ਵਿੱਚ ਹੀ
ਗੁੰਮ ਗਿਆ ਹੈ।

ਹਵਾ ਕੰਦ-ਮੂਲ 'ਚੋਂ
ਛਣਕ ਰਹੀ ਹੈ
ਮਨੁੱਖ ਸਵੱਛ ਸਾਹ ਲਈ
ਤਰਸਦਾ ਹੈ।

ਰੁੱਖ ਰਾਹਾਂ ਦੇ
ਪਹਿਰੇਦਾਰ ਹਨ
ਮਨੁੱਖ ਛਾਂਵਾਂ ਨੂੰ
ਕਤਲ ਕਰ ਰਿਹਾ ਹੈ।

ਪਹਾੜਾਂ 'ਚੋਂ ਹਿੰਮ
ਨੀਰ ਬਣਕੇ ਪਿੰਘਲਦੀ ਹੈ
ਮਨੁੱਖ ਕਠੋਰ ਬਣਦਾ
ਜਾ ਰਿਹਾ ਹੈ।

ਤਾਰੇ ਖਿੜ ਖਿੜਾ ਕੇ
ਝਾਤ ਕਹਿੰਦੇ ਨੇ
ਮਨੁੱਖ ਅੰਬਰ ਤੱਕਣਾ
ਭੁੱਲ ਗਿਆ ਹੈ।

ਧੁੱਪ ਜੀਵਾਂ ਨੂੰ
ਜਾਨ ਬਖ਼ਸ਼ਦੀ ਹੈ
ਮਨੁੱਖ ਕਮਰਿਆਂ 'ਚ
ਕੈਦ ਹੁੰਦਾ ਜਾ ਰਿਹਾ ਹੈ।

ਬੱਚਾ ਨਿਰਛਲ
ਹੱਸਣਾ ਲੋਚਦਾ ਹੈ
ਮਨੁੱਖ ਵਿਰੋਧ ਕਰਨਾ
ਸੋਚਦਾ ਹੈ।

ਵੇਦ ਕਤੇਬ
ਕਾਦਰ ਦੀ ਇਬਾਦਤ ਨੇ
ਮਨੁੱਖ ਅਮਲਾਂ ਤੋਂ
ਦੂਰ ਹੁੰਦਾ ਜਾ ਰਿਹਾ ਹੈ!!

# ਚਿੱਤਰਕਲਾ

ਚਿੱਤਰਕਲਾ ਹੈ ਜੀਵਨ ਦਰਪਣ
ਜੋ ਰੰਗਾਂ ਦਾ ਆਲਮ ਬਣਕੇ ਜਾਦੂ ਕਰਦੀ
ਜਾਂ ਸੁਪਨਾ ਜੋ ਛੂਹ ਨਾ ਹੋਵੇ
ਕੈਨਵੱਸ 'ਤੇ ਪਰ ਹਾਜ਼ਰ ਕਰਦੀ।

ਚਿੱਤਰਕਲਾ ਹੈ ਰੂਹ ਦੀ ਤ੍ਰਿਸ਼ਨਾ
ਜੋ ਨੈਣਾਂ ਥੀਂ ਮਾਣੀ ਜਾਂਦੀ,
ਤੇ ਮਨ ਦੀਆਂ ਤਾਰਾਂ ਟੁੰਬ ਕੇ
ਅੰਦਰੋਂ ਅੰਦਰੀਂ ਰੁਣ-ਝੁਣ ਗਾਉਂਦੀ।

ਚਿੱਤਰਕਲਾ ਪਾਣੀ ਦੀ ਤ੍ਰੇਹ ਦਾ ਇੱਕ ਹਉਕਾ
ਜੋ ਰੰਗਾਂ ਦੇ ਚੁੰਮਣ ਬਣ ਕੇ
ਕੋਈ ਸਜੀਲੀ ਸੂਰਤ ਬਣਨਾ ਲੋਚੇ।

ਚਿੱਤਰਕਲਾ ਕੋਰੇ ਕਾਗਜ਼ ਦੀ ਕਾਇਆ 'ਤੇ
ਅਹਿਸਾਸਾਂ ਦੀ ਸਿਰਜਣ ਸ਼ਕਤੀ।

ਚਿੱਤਰਕਲਾ ਸ਼ਿੰਗਾਰ ਦਾ ਗਹਿਣਾ
ਜੋ ਸੁੰਦਰਤਾ ਹੋਰਾਂ ਨੂੰ ਵੰਡੇ।

ਚਿੱਤਰਕਲਾ ਰੰਗਾਂ ਦਾ ਇਕ ਅਨਹਦ ਝਰਨਾ
ਜੋ ਕਾਦਰ ਦੀ ਕੁਦਰਤ ਸੰਗ ਰਿਸ਼ਤਾ ਜੋੜੇ।

ਚਿੱਤਰਕਲਾ ਇੱਕ ਲੀਨ ਤਪੱਸਿਆ
ਜੋ ਮਿਹਨਤ ਦੇ ਪਿੰਡਿਓਂ ਜਾਗੇ
ਤੇ ਬਿੰਦੂ ਤੋਂ ਰੇਖਾ ਵਿੱਚ ਖਿੰਡ ਕੇ
ਸੈ ਰੂਪਾਂ ਦੇ ਭਰੇ ਕਲਾਵੇ।

ਚਿੱਤਰਕਲਾ ਸਭਿਆਚਾਰ ਸੰਭਾਲਣ ਵਾਲੀ
ਵਿਰਸੇ ਦੀ ਵਡਮੁੱਲੀ ਦੌਲਤ।

ਚਿੱਤਰਕਲਾ ਰੰਗਾਂ ਦਾ ਅਨੁਵਾਦ ਅਨੂਠਾ
ਜੋ ਤੱਕਣੀ ਨਾਲ ਪੜ੍ਹਿਆ ਜਾਂਦਾ।

ਚਿੱਤਰਕਲਾ ਰੀਝਾਂ ਦੀ ਬੇੜੀ ਵਿੱਚ ਤਰਦੀ
ਸੁਪਨਿਆਂ ਦੇ ਹੰਸਾਂ ਦੀ ਤਾਰੀ।

ਚਿੱਤਰਕਲਾ ਪਿਘਲੇ ਹੋਏ ਪਲਾਂ ਦਾ ਭੋਗਣ
ਜੋ ਤਰਲ ਰੰਗਾਂ ਥੀਂ ਪੀੜ ਹੰਢਾਉਂਦੇ।

ਚਿੱਤਰਕਲਾ ਮਾਨਵ ਦਾ ਦੁੱਖ-ਸੁੱਖ ਸਾਂਝਾ ਕਰਨੇ ਵਾਲੀ
ਲੋਕ-ਗੀਤ ਵਰਗੀ ਪ੍ਰਕਿਰਿਆ
ਜੋ ਇਤਿਹਾਸ ਦਾ ਪੰਨਾ ਬਣਦੀ।

ਚਿੱਤਰਕਲਾ ਬੱਦਲਾਂ ਦੇ ਹਿਰਦੇ 'ਤੇ ਉੱਕਰੀ
ਕੋਈ ਸੰਕੇਤਕ ਲਿੱਪੀ ਸੁਹਣੀ।

ਚਿੱਤਰਕਲਾ ਹੈ ਮਨ ਦੀ ਖ਼ੁਸ਼ਬੂ ਤਨ ਦਾ ਰੰਗ
ਜੋ ਅਮਨਾਂ ਲਈ ਸੁੱਖਾਂ ਲੋੜੇ
ਤੇ ਕੋਸੇ ਧਰਤੀ 'ਤੇ ਜੰਗ।

## ਰਾਹ

ਰਾਹ ਜੰਗਲਾਂ 'ਚੋਂ ਤੁਰਨ ਵਾਲੀ
ਚੇਤਨਾ ਦੀ ਪੈੜ ਹੈ
ਤੇ ਜ਼ਿੰਦਗੀ ਦੇ ਸਫ਼ਰ ਲਈ
ਗੀਤ ਗਾਉਂਦੀ ਚਾਨਣੀ।

ਰਾਹ ਸਭਿਅਤਾ ਦੇ ਬੂਹੇ ਦਾ
ਪੁਰਾਤੱਤਵੀ ਇਤਿਹਾਸ ਹੈ।

ਰਾਹ ਸਿਰੜ ਅਤੇ ਸਾਹਸ ਦੇ
ਜੋਧਿਆਂ ਦੀ ਗਾਥਾ ਹੈ
ਜੋ ਟੁੰਬਦੀ ਹੈ ਦਿਲਾਂ ਨੂੰ।

ਰਾਹ ਆਉਣ ਵਾਲੇ ਵਕਤ ਲਈ
ਜਿਉਣ ਦਾ ਸਬੂਤ ਹੈ
ਤੇ ਆਲ੍ਹਣੇ ਦੀ ਹੋਂਦ ਲਈ
ਚੋਗ ਲੱਭਦੀ ਮਮਤਾ।

ਰਾਹ ਕਲਾ ਦੇ ਪ੍ਰੇਮੀਆਂ ਦੀ
ਜਜ਼ਬਿਆਂ ਦੀ ਚਿੱਤਰਾਵਲੀ
ਜੋ ਨਵੇਂ-ਨਵੇਂ ਖ਼ਿਆਲਾਂ ਲਈ
ਤਾਂਘਦੀ ਤੇ ਲੋਚਦੀ।

ਰਾਹ ਮਾਨਵੀ ਭਵਿੱਖ ਦੀ
ਅੰਗੜਾਈ ਲੈਂਦੀ ਕਲਪਨਾ
ਜੋ ਵਿਰਸਿਆਂ ਨੂੰ ਸਾਂਭਦੀ।

ਰਾਹ ਕਦਮਾਂ ਰਾਹੀਂ ਗੱਛਿਆ
ਪੈਂਡਿਆਂ ਦਾ ਨਾਪ ਹੈ।

ਰਾਹ ਹਕੀਕਤੀ ਪਛਾਣ ਲਈ
ਹੰਢਿਆ ਹੋਇਆ ਤਜਰਬਾ।

ਰਾਹ ਦੁੱਖਾਂ ਅਤੇ ਸੁੱਖਾਂ ਦੀ
ਧੁੱਪ-ਛਾਂ ਦੀ ਦੋਸਤੀ
ਤੇ ਸੁਪਨਿਆਂ ਦੇ ਖੰਭਾਂ ਉੱਤੇ
ਤੁਰਨ ਦਾ ਇਕਰਾਰ ਹੈ।

ਰਾਹ ਮਿਹਨਤਾਂ ਤੇ ਮੁਸ਼ਕਲਾਂ ਦਾ
ਵਰਤਮਾਨ ਹਾਸਲ ਹੈ
ਤੇ ਪਹੁ-ਫੁਟਾਲੇ ਦਿਵਸ ਲਈ
ਯਤਨਸ਼ੀਲ ਦੌੜ ਹੈ।

ਰਾਹ ਹੋਣੀਆਂ ਦੇ ਅੰਬਰਾਂ ਦੀ
ਕਵਿਤਾ ਜਿਹੀ ਉਡਾਨ ਹੈ
ਤੇ ਜ਼ਿੰਦਗੀ ਦੀ ਗਤੀ ਦਾ
ਗਤੀਸ਼ੀਲ ਕਾਫ਼ਲਾ।

ਰਾਹ ਸਫ਼ਲਤਾ ਅਸਫ਼ਲਤਾ ਦੀ
ਉਡਾਰੀ ਭਰਦੀ ਸਫ਼ਲਤਾ।

ਰਾਹ ਫੁੱਲਾਂ ਅਤੇ ਕੰਡਿਆਂ ਦੀ
ਅਨੁਭਵੀ ਨੁਮਾਇਸ਼ ਹੈ।

ਰਾਹ ਆਪ ਤਾਂ ਸੰਘਰਸ਼ ਨਹੀਂ
ਪਰ ਸੰਘਰਸ਼ ਦਾ ਪ੍ਰਤੀਕ ਹੈ!!

## ਸ਼ਾਇਰੀ

ਸ਼ਾਇਰੀ–
ਸ਼ਬਦਾਂ ਦੀ ਦਰਗਾਹ 'ਤੇ
ਚਾਨਣ ਦੇ ਦੀਵੇ ਬਾਲਦੀ
ਤੇ ਲਹੂ ਦੇ ਬੀਜ ਕੇਰ ਕੇ
ਮਿੱਟੀ 'ਚੋਂ ਫੁੱਲ ਉਗਮਦੀ।

ਸ਼ਾਇਰੀ–
ਕਲਪਨਾ ਦੇ ਦਿਸਹੱਦਿਆਂ ਨੂੰ
ਸਾਗਰਾਂ ਸੰਗ ਮੇਲਦੀ
ਤੇ ਅਨੰਤਤਾ ਦੇ
ਅਸੰਖ ਰੂਪ ਚਿਤਵਦੀ।

ਸ਼ਾਇਰੀ–
ਹਾਜ਼ਰ ਹੁੰਦੀ
ਮਨੁੱਖ ਲਈ
ਹਰ ਜੀਵ ਲਈ

ਮੁਹੱਬਤ ਕਰਨ ਲਈ
ਦਿਲ ਦੀ ਖ਼ਾਮੋਸ਼ੀ ਸੁਣਨ ਲਈ
ਅਹਿਸਾਸ ਜ਼ਿੰਦਾ ਰੱਖਣ ਲਈ
ਜਜ਼ਬਿਆਂ ਨੂੰ ਸਾਂਭਣ ਲਈ।

ਸ਼ਾਇਰੀ-
ਕਾਇਨਾਤ ਦੀ ਅਕੀਦਤ ਕਰਨ ਲਈ
ਸੂਰਜ ਦਾ ਹੱਥ ਫੜਦੀ।

ਸ਼ਾਇਰੀ-
ਆਲਮ ਨੂੰ ਕਲਾਵੇ 'ਚ ਲੈਣ ਦਾ
ਕਰਤਾਰੀ ਹੁਨਰ ਹੈ
ਪੈਗੰਬਰੀ ਆਵਾਜ਼ ਹੈ
ਜੋ ਸਦੀਆਂ ਦਾ ਇਤਿਹਾਸ ਸਿਰਜਦੀ।

ਸ਼ਾਇਰੀ-
ਮਨੁੱਖ ਦੇ ਲਹੂ 'ਚ ਘੁਲਦੀ ਵੇਦਨਾ
ਸੰਗਰਾਮ ਕਰਦੀ

ਹਾਰ ਨਾ ਮੰਨਦੀ
ਤੂਫ਼ਾਨਾਂ ਸੰਗ ਟਕਰਾਉਂਦੀ
ਮਨੁੱਖ ਦੀ ਹੋਣੀ ਲਿਸ਼ਕਾਉਂਦੀ।

ਸ਼ਾਇਰੀ-
ਉਦਾਸੀਆਂ ਲਈ
ਸ਼ਬਦਾਂ ਦੀਆਂ ਖੜਾਵਾਂ ਪਾਉਂਦੀ
ਤੇ ਰਬਾਬ ਲਈ ਸੰਗੀਤ ਬਣਦੀ।

ਸ਼ਾਇਰੀ-
ਰੂਹਾਨੀ ਅਦਬ ਹੈ
ਅੱਗ ਦਾ ਇੱਕ ਸਫ਼ਰ ਹੈ
ਜੋ ਹਿੱਕ 'ਚੋਂ
ਬਲਦੇ ਅੱਖਰਾਂ ਦੇ ਗੀਤ ਗਾਉਂਦੀ।

ਸ਼ਾਇਰੀ-
ਜ਼ਿੰਦਗੀ ਦੇ ਸੁਪਨਿਆਂ ਦੀ ਬੰਦਗੀ!!

## ਬੋਲ

ਬੰਦਿਆ-
ਉੱਚੀ ਨਾ ਤੂੰ ਬੋਲ
ਸ਼ਬਦ ਖ਼ਜ਼ਾਨਾ ਹੁੰਦੇ
ਅਮੁੱਕ-ਅਨਮੋਲ।
ਬੋਲਾਂ ਵਿਚ ਹੈ
ਆਪਾ ਤੇਰਾ
ਆਪੇ ਨੂੰ ਨਾ
ਐਵੇਂ ਰੋਲ।

ਸਿਧਰੇ ਪਧਰੇ
ਔਖੇ ਘੜਨੇ
ਨਾਲ ਕਮਾਈ
ਧੀਮੀ ਗਤੀ ਦੇ ਬੋਲ।

ਚਾਰ-ਚੁਫ਼ੇਰੇ
ਪਸਰਿਆ ਹੋਇਆ
ਕੰਨੀ ਵਿੰਨਵਾਂ

ਸ਼ੋਰ-ਸ਼ਰਾਬਾ
ਕੂੜ-ਕਬਾੜਾ,
ਗੁੰਮ ਗਿਆ ਹੈ
ਬੰਦੇ ਕੋਲੋਂ
ਉਸ ਦਾ ਸੁੱਚੜਾ ਬੋਲ।

ਕਿਉਂ ਤੂੰ ਭੁੱਲਿਆ
ਪ੍ਰਵਚਨ ਸਿਆਣਾ
ਬੋਲਣੋ ਪਹਿਲਾਂ
ਬੋਲ ਨੂੰ ਤੋਲ।

ਬੰਦਿਆ-
ਖਰਵੇ ਬੋਲ ਨਾ ਬੋਲ
ਖਿੜਵੇਂ ਉਜਲੇ
ਰੰਗਾਂ ਦੇ ਵਿਚ
ਕਾਲਖ ਨਾ ਤੂੰ ਘੋਲ।

ਉੱਚੇ ਬੋਲੀਂ
ਹਉਮੈਂ ਗੂੰਜੇ

ਬਿਰਖ਼-ਬੂਟੇ, ਫੁੱਲ-ਪੱਤੀਆਂ
ਵਣ-ਤ੍ਰਿਣ
ਚੁੱਪ ਦੀ ਭਾਸ਼ਾ ਬਾਣੀ
ਸਭ ਕੁਝ ਕਹਿੰਦੇ
ਦੁਖੜੇ ਸਹਿੰਦੇ
ਸਾਵੇ ਰਹਿੰਦੇ
ਸਿੱਖ ਤੂੰ ਬੋਧ
ਬੈਠ ਇਨ੍ਹਾਂ ਦੇ ਕੋਲ।

ਸਹਿਜ ਅਵਸਥਾ
ਧਰਤੀ ਵਰਗੀ ਚੰਗੀ
ਚੁੱਪ-ਚੁਪੀਤੀ ਰਹਿੰਦੀ
ਉਗਵੇ, ਜੀਵੇ, ਥੀਵੇ
ਸਭ ਕੁਝ
ਕਿੰਨਾ ਸਬਰ ਹੈ
ਇਸ ਦੇ ਕੋਲ।

ਡੂੰਘੇ ਸ਼ਾਂਤ ਸਮੁੰਦਰ ਵਰਗੀ
ਬਿਰਤੀ ਚੰਗੀ

ਥੋਥੀਆਂ ਗੱਲਾਂ
ਝੱਗ ਦੀਆਂ ਛੱਲਾਂ
ਬੰਦਿਆ-
ਹੀਰੇ-ਮੋਤੀ ਫੋਲ।

ਮਾਂ ਦਾ ਹਿਰਦਾ
ਧਰਤ ਦਾ ਜਿਗਰਾ
ਕੁਲ ਦੀ ਖ਼ਾਤਰ
ਆਪਾ ਦਿੰਦੀ ਡੋਲ੍ਹ
ਤਦ ਹੀ ਭਰਦੀ ਝੋਲ
ਮਾਂ ਨੂੰ
ਮੰਦੜਾ ਬੋਲ ਨਾ ਬੋਲ!!

## ਕੁੰਜੀ

ਘਰ ਨੂੰ ਜਿੰਦਰਾ
ਮਾਰਦੀ ਕੁੰਜੀ,
ਕੁੰਜੀ ਹੁੰਦੀ ਘਰ ਦੀ ਪੂੰਜੀ।

ਨਿੱਕੀ ਆਪ
ਪਰ ਜਿੰਦਰਾ ਵੱਡਾ,
ਖੋਲ੍ਹਣ ਤੇ ਬੰਦ ਕਰਨ ਦੀ
ਸ਼ਕਤੀ ਰੱਖੇ।

ਕੁੰਜੀ ਦੇ ਨਾਲ ਜਿੰਦਰਾ
ਘਰ ਨੂੰ ਲਾਇਆਂ
ਕਿੰਨੀ ਤਸੱਲੀ
ਤੇ ਸੁਰੱਖਿਅਤਾ ਦਾ
ਅਹਿਸਾਸ ਕਰਾਉਂਦੀ।

ਕੁੰਜੀ ਬਿਨ
ਜਿੰਦਰਾ ਤੋੜਨਾ ਪੈਂਦਾ
ਖੜਕਾ-ਦੜਕਾ ਹੁੰਦਾ,

ਕੁੰਜੀ ਖ਼ਾਮੋਸ਼ੀ ਦੀ ਭਾਸ਼ਾ ਰਾਹੀਂ
ਕੰਮ ਕਰਨ ਦੀ ਜਾਚ ਸਿਖਾਉਂਦੀ।

ਹਰ ਜਿੰਦਰੇ ਦੀ
ਵੱਖਰੀ ਕੁੰਜੀ,
ਹਰ ਕੁੰਜੀ ਦਾ
ਆਪਣਾ ਜਿੰਦਰਾ,
ਵੱਖਰੇ-ਵੱਖਰੇ ਰਿਸ਼ਤੇ ਵਰਗਾ
ਭੇਤ ਛੁਪਾਉਂਦਾ।

ਗ਼ਲਤ ਕੁੰਜੀ ਨਾਲ
ਜਿੰਦਰਾ ਨਾ ਖੁੱਲ੍ਹੇ
ਗ਼ਲਤ ਰਿਸ਼ਤੇ ਨਾਲ
ਘਰ ਨਾ ਵੱਸੇ
ਜੱਗ ਪਿਆ ਹੱਸੇ।

ਜਿੰਦਰਾ ਚੁੱਪ ਕਰ ਜਾਵੇ
ਗ਼ਲਤ ਕੁੰਜੀ ਨੂੰ ਨਾ ਅਪਣਾਵੇ।

ਕੁੰਜੀ ਗ਼ਲਤ ਜਿੰਦਰੇ ਨੂੰ
ਮੂੰਹ ਨਾ ਲਾਵੇ।

ਗੁੰਮੀ ਕੁੰਜੀ
ਡੁਪਲੀਕੇਟ ਬਣ ਸਕਦੀ ਹੈ
ਪਰ ਵਿਗੜੇ ਰਿਸ਼ਤੇ
ਸੁਲਝਾਉਣੇ ਔਖੇ,
ਰਿਸ਼ਤੇ ਸੂਖ਼ਮ ਭਾਵਾਂ ਦੀ
ਤੰਦ ਹੁੰਦੇ ਨੇ
ਜੋ ਅਹਿਸਾਸਾਂ ਦੇ ਸ਼ਬਦਾਂ ਸਦਕਾ
ਵਸਦੇ ਰਸਦੇ।

ਜਿੰਦਰੇ ਖੁੱਲ੍ਹਣੇ ਸੌਖੇ
ਰਿਸ਼ਤੇ ਰੱਖਣੇ ਔਖੇ।

## ਆਲਾ

ਘਰ ਅੰਦਰ
ਇੱਕ ਆਲਾ ਪਿਆਰਾ
ਚੰਗਾ ਲਗਦਾ,
ਆਲੇ ਦੇ ਵਿੱਚ
ਇੱਕ ਦੀਵਾ ਜਗਦਾ
ਦੀਵੇ ਤੋਂ ਦੀਵਾ
ਹੈ ਮਘਦਾ।

ਦੀਵਾ-
ਚਾਨਣ ਮਿੱਠਾ-ਮਿੱਠਾ ਵੰਡਦਾ
ਨੇਰ੍ਹੇ ਨੂੰ ਕੋਲੋਂ ਹੈ ਛੰਡਦਾ।
ਕੰਧਾਂ ਉੱਤੇ
ਰੰਗਾਂ ਦੀ ਲੀਲ੍ਹਾ
ਪਿਆ ਚਿੱਤਰੇ।
ਬੂਹੇ ਦੀਆਂ
ਝੀਥਾਂ ਥਾਣੀ

ਤੀਰ ਚਾਨਣ ਦੇ
ਬਾਹਰ ਖਿੰਡਦੇ।

ਆਲੇ ਨੂੰ ਤੱਕ
ਮਾਂ ਚੇਤੇ ਆਵੇ
ਜਿਸ ਨੇ ਹੱਥੀਂ
ਆਲਾ ਲਿੱਪ-ਪੋਚ ਕੇ
ਸੁੰਦਰ ਕੀਤਾ
ਕਿੰਗਰੇ ਲਾਏ।

ਆਲਾ-
ਘਰ ਦਾ ਭਾਗ ਹੈ ਹੁੰਦਾ
ਦੀਵਾ ਘਰ ਦੀ ਸੁੱਖ ਮੰਗਦਾ,
ਘਰ ਵੱਸੇ
ਦੀਵਾ ਹੱਸੇ
ਆਲਾ ਇਹੋ ਕਥਾ ਸੁਣਾਏ।

## ਖ਼ੁਸ਼ੀ

ਜਦ ਕੋਈ ਬੱਚਾ ਚਾਅ ਨਾਲ ਘਰ ਆਉਂਦਾ ਹੈ,
ਮਾਂ ਨੂੰ ਖ਼ੁਸੀ ਹੁੰਦੀ ਹੈ।

ਜਦ ਕੋਈ ਬਾਗੀਂ ਫੁੱਲ ਖਿੜਦਾ ਹੈ,
ਤਾਂ ਮਾਲੀ ਨੂੰ ਖ਼ੁਸ਼ੀ ਹੁੰਦੀ ਹੈ।

ਮਿੱਟੀ ਬੀਜਿਆ ਦਾਣਾ ਜਦ ਪੁੰਗਰਦਾ,
ਕਿਸਾਨ ਨੂੰ ਉਦੋਂ ਖ਼ੁਸ਼ੀ ਹੁੰਦੀ ਹੈ।

ਦਰ 'ਤੇ ਸ਼ਗਨਾਂ ਵਾਲਾ ਜਦ ਖ਼ਤ ਆਉਂਦਾ ਹੈ,
ਘਰ ਨੂੰ ਖ਼ੁਸ਼ੀ ਹੁੰਦੀ ਹੈ।

ਆਲ੍ਹਣੇ ਵਿੱਚੋਂ ਬੋਟ ਉਡਾਰੀ ਜਦ ਭਰਦਾ ਹੈ,
ਪੰਛੀ ਨੂੰ ਖ਼ੁਸ਼ੀ ਹੁੰਦੀ ਹੈ।

ਜੰਗ 'ਚੋਂ ਫ਼ੌਜੀ ਦੀ ਜਦ ਸੁਖਸਾਂਦ ਹੈ ਆਉਂਦੀ,
ਪਤਨੀ ਨੂੰ ਖ਼ੁਸ਼ੀ ਹੁੰਦੀ ਹੈ।

ਸਾਗਰ ਠੱਲ੍ਹੀ ਬੇੜੀ ਜਦ ਕੰਢੇ ਲਗਦੀ,
ਮਾਂਝੀ ਨੂੰ ਖ਼ੁਸ਼ੀ ਹੁੰਦੀ ਹੈ।

ਸ਼ਗਿਰਦ ਜਦੋਂ ਉੱਚ ਪਦਵੀ ਪਾਉਂਦਾ,
ਗੁਰੂ ਨੂੰ ਖ਼ੁਸ਼ੀ ਹੁੰਦੀ ਹੈ।

ਅਹਿਸਾਸਾਂ ਨੂੰ ਕਵਿਤਾ ਦੀ ਜਦ ਹਾਕ ਹੈ ਵੱਜਦੀ,
ਸ਼ਾਇਰ ਨੂੰ ਖ਼ੁਸ਼ੀ ਹੁੰਦੀ ਹੈ।

ਸ਼ਾਮ ਹੋਣ 'ਤੇ ਮਿਹਨਤ ਨੂੰ ਜਦ ਇਵਜ਼ ਹੈ ਮਿਲਦਾ,
ਕਾਮੇ ਨੂੰ ਖ਼ੁਸ਼ੀ ਹੁੰਦੀ ਹੈ।

ਆਪਣੀ ਮਾਂ-ਬੋਲੀ ਵਿੱਚ ਜਦ ਕੋਈ ਗੱਲਾਂ ਕਰਦਾ
ਬੇਹੱਦ ਮੈਨੂੰ ਖ਼ੁਸ਼ੀ ਹੁੰਦੀ ਹੈ।

## ਥਾਂ

ਪਹਿਲੀ ਵਾਰੀ
ਜਦੋਂ ਮਿਲੇ ਸੀ ਜਿੱਥੇ
ਸੰਗਦੇ-ਸੰਗਦੇ
ਨੈਣੀਂ ਸੁਪਨੇ ਭਰ ਕੇ
ਉਹ ਥਾਂ ਲਗਦੀ ਪਿਆਰੀ।

ਜਿੱਥੇ ਡੁੱਲ੍ਹੀ ਕੇਸੂ ਰੰਗੀ
ਖਿੜਵੀਂ-ਖਿੜਵੀਂ ਹਾਸੀ।
ਹਾਸੀ ਦੇ ਵਿਚ ਰੰਗ ਘੁਲੇ ਸਨ
ਉਹ ਥਾਂ ਲਗਦੀ ਪਿਆਰੀ।

ਜਿੱਥੇ ਪਹਿਲੇ ਬੋਲ ਸੁੱਚੜੇ
ਇਬਾਦਤ ਦੀ ਆਇਤ ਵਰਗੇ
ਪੌਣਾਂ ਦੇ ਵਿਚ ਘੋਲ ਕੇ ਪੀਤੇ
ਉਹ ਥਾਂ ਲਗਦੀ ਪਿਆਰੀ।

ਜਿੱਥੇ ਨਿੱਘੀ ਛੂਹ ਦਾ ਜਜ਼ਬਾ
ਦੁੱਧ ਦੇ ਭਰੇ ਕਟੋਰੇ ਵਰਗਾ
ਬੁੱਲ੍ਹਾਂ ਚੱਖਿਆ
ਉਹ ਥਾਂ ਲਗਦੀ ਪਿਆਰੀ।

ਜਿਥੇ ਅਹਿਸਾਸਾਂ ਦੇ ਵਰਕੇ
ਕੋਸੇ-ਕੋਸੇ ਪੋਟਿਆਂ ਦੇ ਸੰਗ
ਕੋਲੋਂ ਕੋਲੀ ਬਹਿ ਕੇ ਫੋਲੇ
ਉਹ ਥਾਂ ਲਗਦੀ ਪਿਆਰੀ।

ਜਿਥੇ ਚੰਨ ਚਾਨਣੀ ਰਾਤੇ
ਸੁੰਨਮ-ਸੁੰਨੀ ਡੰਡੀ ਤੁਰਕੇ
ਅੰਬਰ ਦੀ ਖ਼ਾਮੋਸ਼ੀ ਮਾਣੀ
ਉਹ ਥਾਂ ਲਗਦੀ ਪਿਆਰੀ।

ਜਿਥੇ ਵਗਦੀ ਨਦੀ ਦੇ ਕੰਢੇ
ਕਲ-ਕਲ ਕਰਦੇ ਨੀਰ 'ਚ ਭਿੱਜ ਕੇ
ਛਿੱਟਮ-ਛਿੱਟੀ ਖੇਡ ਸੀ ਖੇਡੀ
ਉਹ ਥਾਂ ਲਗਦੀ ਪਿਆਰੀ!!

# ਰੀਣ

ਮੈਂ ਤੂੜੀ 'ਚੋਂ
ਛਣੀ ਹੋਈ ਰੀਣ ਹਾਂ,
ਅਤਿ ਮਲੀਨ
ਤਿਣਾ ਵਰਗੀ ਮਹੀਨ
ਪੈਰਾਂ ਥੱਲੇ ਰੁਲਦੀ।

ਨਿਕਾਰਾ ਵਸਤ ਸਮਝ ਮੈਨੂੰ
ਸੁੱਟ ਦੇਂਦੇ ਹੋ
ਕਦੇ ਇੱਧਰ, ਕਦੇ ਉੱਧਰ।

ਮੈਂ ਵੀ ਕਦੇ
ਕਣਕ ਦੇ ਬੂਟੇ ਦੀ ਹੋਂਦ ਦਾ
ਸਾਵਾ-ਸਾਵਾ
ਸਾਂਵਾਂ-ਸਾਂਵਾਂ
ਭਰਵਾਂ-ਭਰਵਾਂ ਰੂਪ ਸੀ।

ਸੁਨਹਿਰੀ ਕਣਕ ਦੇ ਦਾਣਿਆਂ
ਤੇ ਤੂੜੀ ਸੰਗ
ਮੈਂ ਵੀ ਬੋਹਲ ਦਾ
ਇੱਕ ਖੰਡ ਸਾਂ।

ਕੋਈ ਵਸਤ ਕਿਸੇ ਕੋਲੋਂ
ਖੰਡਤ ਹੋ ਕੇ
ਮਿਟ ਤਾਂ ਸਕਦੀ ਨਹੀਂ।

ਮੈਂ ਮਿੱਟੀ 'ਚ ਮੁੜ ਰਲਾਂਗੀ
ਵਾਰਾਂਗੀ ਆਪਾ
ਤੇ ਉਪਜਾਂਗੀ ਫ਼ਸਲ
ਜਾਂ ਲੋਕਾਂ ਦੇ ਕੱਚੇ ਕੋਠਿਆਂ ਨੂੰ
ਢੱਠਣ ਤੋਂ ਬਚਾਉਣ ਲਈ
ਗਾਰੇ ਨਾਲ ਮਿਲ ਕੇ
ਲਿੱਪਣ ਪੋਚਣ ਦਾ ਆਹਰ ਕਰਾਂਗੀ
ਜਾਂ ਕਿਸੇ ਘਰ ਦਾ

ਚੁੱਲ੍ਹਾ ਬਣ ਤਪਾਂਗੀ
ਤੇ ਮੁੜ ਨਿਗੂਣੀ ਹੋਂਦ ਨੂੰ
ਸਾਕਾਰ ਕਰਾਂਗੀ।
ਮੈਂ ਤਾਂ ਤੂੜੀ 'ਚੋਂ
ਛਣੀ ਹੋਈ ਰੀਣ ਹਾਂ
ਬਹੁਤ ਹੀ ਮਲੀਨ
ਬਹੁਤ ਹੀ ਮਹੀਨ!!

## ਮੈਂ

ਮੈਂ ਇੱਕ ਸਾਵਾ ਪੱਤਾ ਹੋਵਾਂ
ਧੁੱਪ ਜਰਾਂ ਮੈਂ ਪਿੰਡੇ ਉੱਤੇ
ਝੱਖੜ, ਗੜਿਆਂ ਤੋਂ ਨਾ ਹਾਰਾਂ
ਛਾਂਵਾਂ ਦੇਵਾਂ ਜੋ ਵੀ ਲੋੜੇ,
ਦੂਸ਼ਿਤ ਪੌਣ ਨੂੰ
ਸੁੱਚੀ ਕਰ-ਕਰ ਥੀਵਾਂ।

ਮੈਂ ਇੱਕ ਫੁੱਲ ਹੋਵਾਂ ਬਹੁ-ਰੰਗਾ
ਸੂਖ਼ਮ ਪੱਤੀਆਂ ਵਾਲਾ ਖਿੜਵਾਂ
ਰੰਗਾਂ ਦੇ ਚਿੱਤਰ ਬਣ ਟਹਿਕਾਂ,
ਖੇੜਾ ਤੇ ਖ਼ੁਸ਼ੀਆਂ ਭਰ ਝੋਲੀ
ਚਾਰ-ਚੁਫ਼ੇਰੇ ਵੰਡਾਂ ਮਹਿਕਾਂ
ਤੇ ਵਾਂਗ ਪੰਛੀਆਂ ਚਹਿਕਾਂ।

ਮੈਂ ਇੱਕ ਬੂੰਦ
ਪਾਣੀ ਦੀ ਬਣਨਾ ਚਾਹਾਂ
ਸੁੱਕੇ ਥਲ, ਤ੍ਰਿਹਾਏ ਹੋਠੀਂ

ਪਿਆਸ ਬੁਝਾਵਾਂ, ਆਸ ਜਗਾਵਾਂ
ਵਣ-ਤ੍ਰਿਣ ਮੌਲਣ ਖਾਤਰ
ਆਪਣੀ ਕਾਇਆ ਲੇਖੇ ਲਾਵਾਂ
ਤੇ ਧਰਤ ਸੁਹਾਵੀ ਦੀ ਕੁੱਖ ਅੰਦਰ
ਕੁਝ ਤਾਂ ਹਿੱਸਾ ਪਾਵਾਂ
ਤੇ ਮਿਟ ਜਾਵਾਂ।

ਮੈਂ ਮਿੱਟੀ ਦਾ ਕਿਣਕਾ ਹੋਵਾਂ
ਭੋਇੰ ਉਪਜਾਊ ਵਿੱਚ ਮਿਲ ਜਾਵਾਂ
ਰੁੱਖ ਉਗਾਵਾਂ, ਅੰਨ ਉਪਜਾਵਾਂ
ਰੇਤੜੀ ਰੂਹ ਜਗਾਵਾਂ
ਘਰਾਂ ਦੀ ਭੁੱਖ ਮਿਟਾਵਣ ਖਾਤਰ
ਸੀਨੇ ਪੀੜ ਹੰਢਾਵਾਂ
ਪਰ ਹੋਰ ਥੀਂ ਸੁਖੀ ਵਸਾਵਾਂ।

ਮੈਂ ਕਿਰਨਾਂ ਦੀ ਕਾਤਰ ਬਣ ਲਿਸ਼ਕਾਂ
ਤੇ ਨੇਰ੍ਹ ਕੂੜ ਦੀ ਗੁਫ਼ਾ ਚੀਰ ਕੇ
ਜ਼ਿੰਦਗੀ ਦੀ ਸੁੱਤੀ ਹੋਣੀ ਨੂੰ

ਚਾਨਣ ਮਲ-ਮਲ ਧੋਵਾਂ
ਤੇ ਜਗਮਗ-ਜਗਮਗ ਹੋਵਾਂ।

ਯਾਰੋ, ਹੋਰ ਨਹੀਂ ਜੇ
ਮੈਂ ਕੁਝ ਤਾਂ ਹੋਵਾਂ,
ਅਉਧ ਹੰਢਾ ਕੇ
ਐਵੇਂ ਨਾ ਤੁਰ ਜਾਵਾਂ
ਜਾਂ ਕਿਸੇ ਦਿਲ ਦਾ
ਮਿੱਠਾ-ਮਿੱਠਾ ਗੀਤ ਸਲੋਨਾ
ਪੋਟਾ-ਪੋਟਾ ਅੰਗ ਨਸ਼ਿਆ ਕੇ
ਵਿੱਚ ਹਵਾ ਖਿੰਡ ਜਾਵਾਂ
ਤੇ ਹੱਕ-ਸੱਚ ਦੀ ਗੱਲ ਕਹਿਣ ਲਈ
ਚੇਤਨ ਬੋਲ ਸਦੀਵਾਂ,
ਯਾਰੋ, ਜੀਵਾਂ ਤਾਂ ਫਿਰ ਏਦਾਂ ਜੀਵਾਂ।

## ਗੁਫ਼ਤਗੂ

ਮੈਂ ਪੌਣ ਨੂੰ ਕਿਹਾ
ਕੋਈ ਗੱਲ ਸੁਣਾ,
ਉਸ ਕਿਹਾ ਵਿਹਲ ਨਹੀਂ
ਰੁਮਕਣ ਤੋਂ ਸਿਵਾਅ।

ਮੈਂ ਬਿਰਖ਼ ਨੂੰ ਕਿਹਾ
ਕੋਈ ਨਜ਼ਮ ਸੁਣਾ,
ਮੈਂ ਹਰਿਆਲੀ ਵੰਡਣੀ
ਰਹਿਣ ਦੇ ਮੈਨੂੰ ਤੂੰ ਹਰਾ।

ਮੈਂ ਫੁੱਲ ਨੂੰ ਕਿਹਾ
ਝੋਲੀ ਡੋਲ੍ਹ ਦੇ ਰੰਗ,
ਖ਼ੂਬ ਹੱਸਿਆ ਤੇ ਖਿੜ ਪਿਆ
ਮਹਿਕ ਨਾ ਲੋੜੇ ਜੰਗ।

ਮੈਂ ਪੰਛੀ ਨੂੰ ਕਿਹਾ
ਕੋਈ ਗੀਤ ਸੁਣਾ,
ਮੇਰੀ ਗਗਨ ਉਡਾਰੀ ਗੂੰਜਦੀ
ਕੰਨ ਲਾ ਕੇ ਸੁਣ ਬੰਦਿਆ।

ਮੈਂ ਬੱਦਲ ਨੂੰ ਕਿਹਾ
ਖੇਤੀਂ ਮੀਂਹ ਵਰਾਅ,
ਹੱਸ ਕੇ ਗੂੜ੍ਹਾ ਹੋ ਗਿਆ
ਪਰਬਤ ਨੂੰ ਗਲ ਲਾ।

ਮੈਂ ਪਾਣੀ ਨੂੰ ਕਿਹਾ
ਨੇਕੀ ਦੀ ਦੱਸ ਗੱਲ,
ਵਗ ਟੁਰਿਆ ਨੀਵਾਣ ਨੂੰ
ਨਾ ਕੋਈ ਵਲ ਨਾ ਛਲ।

ਮੈਂ ਮਿੱਟੀ ਨੂੰ ਕਿਹਾ
ਕਰ ਲੈ ਕੁਝ ਅਰਾਮ,
ਉਗਮਣੋਂ ਵਿਗਸਣੋਂ ਵਿਹਲ ਨੀਂ
ਰਾਤ ਦਿਨੇ ਨਾ ਸ਼ਾਮ।

ਮੈਂ ਸਮੇਂ ਨੂੰ ਆਖਿਆ
ਖੜ ਕੇ ਸੁਣ ਲੈ ਗੱਲ,
ਮੈਂ ਨਾ ਰੁਕਿਆ ਆਦਿ ਤੋਂ
ਮੇਰੀ ਅੱਜ ਨਾ ਕੱਲ੍ਹ।

ਮੈਂ ਪਰਬਤ ਤੋਂ ਪੁੱਛਿਆ
ਕਿੰਨੀ ਕੁ ਤੇਰੀ ਸ਼ਾਨ,
ਬੰਦਾ ਉਹੀਓ ਸ਼ੋਭਦਾ
ਰੱਖੇ ਜੋ ਸਵੈ ਮਾਨ।

ਮੈਂ ਸੂਰਜ ਨੂੰ ਆਖਿਆ
ਕੋਈ ਗੁਣ ਹੀ ਪੱਲੇ ਪਾ,
ਮੇਰੇ ਵਾਂਗੂੰ ਚਮਕ ਕੇ
ਚਾਨਣ ਜੱਗ ਖਿੰਡਾ।

ਮੈਂ ਰਸਤੇ ਤੋਂ ਪੁੱਛਿਆ
ਕੀ ਹੈ ਤੇਰਾ ਪਤਾ,
ਤੁਰਨਾ ਹੀ ਹੈ ਜ਼ਿੰਦਗੀ
ਤੂੰ ਆਪਣਾ ਪੰਧ ਮੁਕਾਅ।

## ਅੱਖਰ

ਆ ਕੁਝ ਅੱਖਰ ਉਣੀਏ
ਅੱਖਰਾਂ ਵਿੱਚੋਂ ਬੋਲ ਉਗਾਈਏ
ਸ਼ਬਦ ਉਪਜਾਈਏ
ਉੱਗਣ ਤੇ ਉਪਜਣ ਦੀ
ਕਿਰਿਆ ਅੰਦਰ ਹਿੱਸਾ ਪਾਈਏ,
ਕੋਈ ਸੂਰਜ ਰੁਸ਼ਨਾਈਏ
ਉਜਿਆਰਾ ਹੋਵੇ
ਕੂੜ ਭਜਾਈਏ।

ਏਦਾਂ ਚੁੱਪ ਕੀਤਿਆਂ ਨਹੀਂ ਸਰਨਾ
ਕੋਈ ਤਾਂ ਦਸਤਕ ਦੇਣ ਦੀ ਖ਼ਾਤਰ
ਅੱਖਰਾਂ ਦੀ ਇਬਾਰਤ ਉੱਕਰੇ
ਬੂਹੇ ਢੋਏ ਚੁੱਪ ਪਏ ਨੇ
ਕਿੰਨਾ ਹੋਰ ਸੰਤਾਪ ਹੰਢਾਈਏ।

ਜੰਗ ਦੀ ਭੱਠੀ ਬਲਦੀ
ਫੂਕਾਂ ਮਾਰ ਬੁਝਾਈਏ,

ਸ਼ਬਦਾਂ ਵਿੱਚ ਅੱਖਰਾਂ ਦੀ ਸ਼ਕਤੀ
ਬੜੀ ਹੁੰਦੀ ਹੈ।

ਆ ਅੱਖਰਾਂ ਦੀ ਸ਼ਕਤੀ ਦੇ
ਸਸ਼ਤਰ ਬਣੀਏ
ਉਪਨਿਸ਼ਦ ਅਤੇ ਸਾਸ਼ਤਰਾਂ ਵਿੱਚੋਂ
ਬਾਣੀ ਵਰਗੀ ਕਵਿਤਾ ਰਚੀਏ।
ਅੱਖਰਾਂ ਦੀ ਦਰਗਾਹ 'ਤੇ ਜਾ ਕੇ
ਚਾਵਾਂ ਦੇ ਚਿਰਾਗ਼ ਜਗਾਈਏ।

ਜੰਗਲ ਜਿਹਾ ਹਨੇਰਾ ਸੰਘਣਾ
ਏਦਾਂ ਨਹੀਂ ਭੱਜਣਾ
ਬੋਲਾਂ ਵਿੱਚ ਦਲੇਰੀ ਖੜਕੇ
ਅੱਖਰਾਂ ਵਿੱਚ ਬਸੰਤਰ ਭੜਕੇ,
ਧੁੱਪੜੀ ਵਰਗੀ ਨਿੱਘ ਦੀ ਲੋਈ ਲੈ ਕੇ
ਜ਼ਫ਼ਰਨਾਮਾ ਦਾ ਪੰਨਾ ਉਲਥਾਈਏ
ਦਰ-ਦਰ ਅਲਖ ਜਗਾਈਏ।

ਆ, ਕੁਝ ਅੱਖਰ ਉਣੀਏ
ਕੋਈ ਸੂਰਜ ਰੁਸ਼ਨਾਈਏ!!



ਮਨਮੋਹਨ ਸਿੰਘ ਦਾਊਂ

ਬੜੇ ਚਿਰਾਂ ਪਿੱਛੋਂ ਪੰਜਾਬੀ ਕਾਵਿ-ਧਾਰਾ 'ਚ ਸੰਵੇਦਨਸ਼ੀਲ ਪ੍ਰਬੁੱਧ ਸ਼ਾਇਰ ਵਜੋਂ ਮਨਮੋਹਨ ਸਿੰਘ ਦਾਊਂ ਦੀ ਨਵੀਂ ਸ਼ੈਲੀ ਤੇ ਡੂੰਘੇ ਚਿਹਨ ਵਾਲੀ ਕਾਵਿ-ਪੁਸਤਕ 'ਸ਼ਾਇਰੀ ਦਾ ਸਰਵਰ' ਪ੍ਰਕਾਸ਼ਿਤ ਹੋਈ ਹੈ। ਦਾਰਸ਼ਨਿਕਤਾ, ਬੌਧਿਕਤਾ ਤੇ ਕਾਵਿਕ-ਚਿੰਤਨ ਨਾਲ ਤਰਲ, ਇਹ ਰਚਨਾ ਅਜੋਕੀ ਕਵਿਤਾ ਲਈ ਨਵੇਂ ਦਿਸਹੱਦੇ ਸਿਰਜਣ ਵਾਲਾ ਨਿਵੇਕਲਾ ਜਤਨ ਹੈ, ਜਿਸ ਵਿੱਚ ਤਪੱਸਿਆ ਵਰਗਾ ਬੋਧ-ਰੰਗ ਪਾਠਕ ਨੂੰ ਟੁੰਬਣ ਦੀ ਸਮਰੱਥਾ ਰੱਖਦਾ ਹੈ। ਕਾਵਿ-ਅਨੁਭਵ ਨੂੰ ਪ੍ਰਿਜ਼ਮ ਦੇ ਬਹੁ-ਰੰਗੇ ਰੂਪਾਂਤਰਾਂ ਰਾਹੀਂ ਪੇਸ਼ ਕਰਨਾ, ਇਸ ਕਵਿਤਾ ਦੀ ਅਮੀਰੀ ਹੈ ਜਿਸ ਨਾਲ ਪੰਜਾਬੀ ਕਵਿਤਾ ਦਾ ਮਾਣ ਉੱਚਾ ਹੋਵੇਗਾ।

– ਡਾ. ਬਲਜੀਤ ਸਿੰਘ
ਚੰਡੀਗੜ੍ਹ

Tarlochan
Publishers
Shayari Da Sarwar